
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ
# ਦੇਸ਼ ਦੁਆਬਾ
VOL - 5 ISSUE - 44
February 8, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ  ਸੰਪਰਕ : 916-947-8920  ਫੈਕਸ : 916-238-1393  E-mail : deshdoaba@yahoo.com  ਸੰਪਾਦਕ : ਤਰਸੇਮ ਜਲੰਧਰੀ

## ਵੋਟਰਾਂ ਦੇ ਤੂਫਾਨ ਨੇ ਚੋਣਾਂ ਤੋਂ ਬਾਅਦ ਵੀ ਦੁਚਿੱਤੀ ਵਧਾਈ


**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਦੀਆਂ 4 ਫਰਵਰੀ ਨੂੰ ਹੋਈਆਂ ਚੋਣਾਂ ਵਿਚ ਵੋਟ ਪ੍ਰਤੀਸ਼ਤ ਨੇ ਇਕ ਵਾਰ ਫਿਰ ਦੁਚਿੱਤੀ ਦਾ ਮਾਹੌਲ ਖੜ੍ਹਾ ਕਰ ਦਿੱਤਾ ਹੈ। ਪੰਜਾਬ ਵਿਚ ਇਸ ਵਾਰ ਰਿਕਾਰਡਤੋੜ ਵੋਟਾਂ ਪਈਆਂ ਹਨ।ਹਾਲਾਂਕਿ ਚੋਣ ਕਮਿਸ਼ਨ ਨੇ ਵੋਟ ਦੇਣ ਲਈ



ਪ੍ਰਚਾਰ ਵੀ ਬਹੁਤ ਕੀਤਾ ਪਰ ਪੰਜਾਬ ਦੇ ਸ਼ਹਿਰੀ ਨਾਲੋਂ ਦਿਹਾਤੀ ਇਲਾਕਿਆਂ ਵਿਚ ਇਸ ਵਾਰ ਦੁਪਹਿਰ ਤੱਕ ਹੀ 60 ਫੀਸਦੀ ਤੋਂ ਵੱਧ ਵੋਟ ਪੈ ਚੁੱਕੀ ਸੀ।ਪੰਜਾਬ ਤੋਂ ਜ਼ਿਆਦਾ 83 ਫੀਸਦੀ ਪੋਲਿੰਗ ਗੋਆ ਵਿਚ ਹੋਈ ਹੈ।

ਪੰਜਾਬ ਦੇ ਵੋਟਰਾਂ ਦੇ ਇਸ ਵਧੇ ਉਤਸ਼ਾਹ ਨੇ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਅਕਾਲੀ ਦਲ ਨੂੰ ਡੇਰਾ ਵੋਟ ਦਾ ਸਹਾਰਾ ਮਿਲਣ ਦੇ ਬਾਵਜੂਦ ਪੰਜਾਬ ਦੇ ਵੋਟਰਾਂ ਦੇ ਵਧੇ ਉਤਸ਼ਾਹ ਪੱਖੋਂ ਚਿੰਤਾ ਵੱਧ ਗਈ ਹੈ। ਕਾਂਗਰਸ ਪਾਰਟੀ ਨੂੰ ਵੀ ਇਹ ਕਿਸੇ ਵੱਡੀ ਤਬਦੀਲੀ ਦਾ ਸੰਕੇਤ ਲੱਗ ਰਿਹਾ ਹੈ। ਆਮ ਆਦਮੀ ਪਾਰਟੀ ਨੂੰ ਦਿਹਾਤੀ ਪੰਜਾਬ ਦੇ ਵੋਟਰਾਂ ਖਾਸ ਕਰਕੇ ਮਾਲਵੇ ਦੇ ਜ਼ਿਆਦਾਤਰ ਪਿੰਡਾਂ 'ਚ ਵੱਡਾ ਹੁੰਗਾਰਾ ਮਿਲਿਆ ਹੈ, ਜੋ ਦੋਹਾਂ ਪਾਰਟੀਆਂ ਲਈ ਖ਼ਤਰੇ ਦੀ ਘੰਟੀ ਸਾਬਿਤ ਹੋ ਸਕਦਾ ਹੈ। ਦਿਹਾਤੀ ਖੇਤਰ ਦੇ ਹਲਕਿਆਂ 'ਚ ਵੋਟ 80 ਫ਼ੀਸਦੀ ਤੋਂ ਵੱਧ ਪਈ ਹੈ। ਅਜਿਹੇ ਵਿਧਾਨ ਸਭਾ ਹਲਕਿਆਂ ਦੀ ਗਿਣਤੀ 52 ਹੈ। ਨਿਰੋਲ ਸ਼ਹਿਰੀ ਵਸੋਂ ਵਾਲੇ ਵਿਧਾਨ ਸਭਾ ਹਲਕੇ, ਜਿਨ੍ਹਾਂ ਦੀ ਗਿਣਤੀ 20 ਦੇ ਕਰੀਬ ਹੈ, ਵਿੱਚੋਂ 7 ਵਿਧਾਨ ਸਭਾ ਹਲਕੇ ਹੀ ਅਜਿਹੇ ਹਨ ਜਿੱਥੇ 70 ਫ਼ੀਸਦ ਤੋਂ ਵੱਧ ਵੋਟ ਪਈ ਹੈ। ਬਾਕੀ ਦੇ 13 ਹਲਕਿਆਂ 'ਚ 70 ਫ਼ੀਸਦ ਤੋਂ ਵੀ ਘੱਟ ਵੋਟਾਂ ਪਈਆਂ ਹਨ।

ਪੰਜਾਬ ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਪਟਿਆਲਾ ਤੇ ਮੁਹਾਲੀ ਵਿੱਚ ਵੋਟਰਾਂ ਦਾ ਜਮਹੂਰੀ ਹੱਕ ਦੀ ਵਰਤੋਂ ਪ੍ਰਤੀ ਹੁੰਗਾਰਾ ਕਾਫ਼ੀ ਮੱਠਾ ਰਿਹਾ ਹੈ। ਮਾਲਵੇ ਦੇ ਜ਼ਿਲ੍ਹਿਆਂ ਮਾਨਸਾ, ਫਾਜ਼ਿਲਕਾ, ਬਰਨਾਲਾ, ਸੰਗਰੂਰ, ਬਠਿੰਡਾ, ਮੁਕਤਸਰ, ਫ਼ਰੀਦਕੋਟ, ਫਿਰੋਜ਼ਪੁਰ, ਫਤ- ਹਗੜ੍ਹ ਸਾਹਿਬ 'ਚ ਹੀ ਵੋਟਾਂ 80 ਫ਼ੀਸਦੀ ਦਾ ਅੰਕੜਾ ਪਾਰ ਕਰ ਸਕੀਆਂ ਹਨ। ਮਾਝੇ ਤੇ ਦੋਆਬੇ ਦੇ ਕੁੱਝ ਕੁ ਵਿਧਾਨ ਸਭਾ ਹਲਕੇ ਹਨ, ਜਿੱਥੇ 80 ਫ਼ੀਸਦੀ ਤੋਂ ਜ਼ਿਆਦਾ ਮਤਦਾਨ ਹੋਇਆ ਹੈ। ਚੋਣ ਕਮਿਸ਼ਨ ਨੇ ਵੋਟ ਪ੍ਰਤੀਸ਼ਤਤਾ ਦੇ ਜਾਰੀ ਕੀਤੇ ਤਾਜ਼ਾ ਅੰਕੜਿਆਂ ਮੁਤਾਬਕ ਕੁੱਲ ਮਤਦਾਨ 77.37 ਫ਼ੀਸਦੀ ਹੋਇਆ ਹੈ, ਜੋ ਸਾਲ 2012 ਦੀਆਂ ਚੋਣਾਂ ਵਿੱਚ 78.60 ਫ਼ੀਸਦੀ ਸੀ। ਇਸ ਵਾਰ ਵਿਧਾਨ ਸਭਾ ਚੋਣਾਂ 'ਚ ਪੁਰਸ਼ ਦੀਆਂ ਵੋਟਾਂ ਦੀ ਪ੍ਰਤੀਸ਼ਤਤਾ 76.69 ਅਤੇ ਔਰਤਾਂ ਦੀ 78.14 ਫ਼ੀਸਦੀ ਰਹੀ ਜਦੋਂ ਕਿ ਕਿੰਨਰਾਂ ਵੱਲੋਂ 21.93 ਫ਼ੀਸਦ ਮੱਤਦਾਨ ਕੀਤਾ ਗਿਆ। ਸਭ ਤੋਂ ਵੱਧ ਵੋਟਾਂ ਮਾਨਸਾ ਜ਼ਿਲ੍ਹੇ 'ਚ ਪਈਆਂ ਅਤੇ ਸਭ ਤੋਂ ਘੱਟ ਮੁਹਾਲੀ ਜ਼ਿਲ੍ਹੇ ਵਿੱਚ। ਵਿਧਾਨ ਸਭਾ ਦੀਆਂ ਪਿਛਲੀਆਂ ਤਿੰਨ ਚੋਣਾਂ 'ਤੇ ਝਾਤੀ ਮਾਰੀ ਜਾਵੇ ਤਾਂ ਮਾਲਵਾ, ਮਾਝਾ ਤੇ ਦੋਆਬਾ ਵੱਖ ਵੱਖ ਰੁਝਾਨ ਪੇਸ਼ ਕਰਦੇ ਹਨ। ਵੋਟਾਂ ਪੈਣ ਵਾਲੇ ਦਿਨ ਵੋਟਰਾਂ ਦੇ ਰੁਝਾਨ ਤੋਂ ਦੇਖਿਆ ਗਿਆ ਹੈ ਮਾਲਵੇ 'ਚ 'ਆਪ' ਨੂੰ ਚੰਗਾ ਹੁੰਗਾਰਾ ਮਿਲਿਆ ਹੈ।




ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ। ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 12 ਫਰਵਰੀ ਨੂੰ ਪਿਟਸਬਰਗ ਅਤੇ ਨਿਊਯਾਰਕ, 18 ਫਰਵਰੀ ਨੂੰ ਹਿਊਸਟਨ ਅਤੇ 19 ਫਰਵਰੀ ਨੂੰ ਯੂਬਾ ਸਿਟੀ ਵਿਖੇ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਸਬੰਧਤ ਪ੍ਰਬੰਧਕ ਕਮੇਟੀਆਂ ਵੱਲੋਂ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਦਿੰਦਿਆਂ ਬੇਨਤੀ ਹੈ ਕਿ ਸਬੰਧਤ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**(ਸਬੰਧਤ ਇਸ਼ਤਿਹਾਰ ਦੇਖੋ ਸਫਾ 4, 16, 18 ਅਤੇ 28 ਤੇ)**



**"AMBEDKAR TIMES"**
**AND**
**"DESH DOABA"**
**FONDLY**
**REMEMBER**
**SH. C.L. CHUMBER**

## 7 ਮੁਸਲਿਮ ਮੁਲਕਾਂ ਤੇ ਲਗਾਈਆਂ ਪਾਬੰਦੀਆਂ ਵਾਪਸ ਨਹੀਂ ਲੈਣਗੇ ਟਰੰਪ

**ਵਾਸ਼ਿੰਗਟਨ (ਬਿਊਰੋ)–** ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੁਸਲਿਮ ਬਹੁਗਿਣਤੀ ਵਾਲੇ ਸੱਤ ਮੁਲਕਾਂ ਦੇ ਵਸਨੀਕਾਂ ਉਤੇ ਯਾਤਰਾ ਪਾਬੰਦੀਆਂ ਲਾਉਣ ਦੇ ਹੁਕਮਾਂ ਨੂੰ ਵਾਪਸ ਲੈਣ ਦੀ ਕਿਸੇ ਵੀ ਸੰਭਾਵਨਾ ਤੋਂ ਵ੍ਹਾਈਟ ਹਾਊਸ ਨੇ ਇਨਕਾਰ ਕਰ ਦਿੱਤਾ ਹੈ। ਟਰੰਪ ਪ੍ਰਸ਼ਾਸਨ ਨੇ ਭਰੋਸਾ ਜ਼ਾਹਰ ਕੀਤਾ ਕਿ ਉਹ ਇਹ ਮੁਕੱਦਮਾ ਜਿੱਤ ਲਵੇਗਾ। ਇਸ ਤਰ੍ਹਾਂ ਇਸ ਮਾਮਲੇ ਉਤੇ ਸ੍ਰੀ ਟਰੰਪ ਦੀ ਅਹਿਮ ਕਾਨੂੰਨੀ ਅਜ਼ਮਾਇਸ਼ ਯਕੀਨੀ ਹੋ ਗਈ ਹੈ।



ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਸੀਨ ਸਪਾਈਸਰ ਨੇ ਕਿਹਾ, "ਸਾਫ਼ ਤੌਰ 'ਤੇ ਕਾਨੂੰਨ ਰਾਸ਼ਟਰਪਤੀ ਦੇ ਨਾਲ ਹੈ। ਸੰਵਿਧਾਨ ਵੀ ਰਾਸ਼ਟਰਪਤੀ ਦੇ ਪੱਖ ਵਿੱਚ ਹੈ। ਉਨ੍ਹਾਂ ਨੂੰ ਸਾਡੇ ਲੋਕਾਂ ਦੀ ਸਲਾਮਤੀ ਲਈ ਮੁਲਕ ਦੇ ਹਿੱਤ ਵਿੱਚ ਕੋਈ ਵੀ ਕਦਮ ਚੁੱਕਣ ਦਾ ਅਖ਼ਤਿਆਰ ਹੈ। ਸਾਨੂੰ ਪੂਰਾ ਭਰੋਸਾ ਹੈ ਕਿ ਅਸੀਂ ਇਸ ਮਾਮਲੇ ਵਿੱਚ ਸਫਲ ਹੋ ਕੇ ਨਿਕਲਾਂਗੇ।"

ਉਹ ਸ੍ਰੀ ਟਰੰਪ ਦੇ ਫਲੋਰਿਡਾ ਵਿਚ ਟੈਂਪਾ ਤੋਂ ਐਂਡਰਿਊਜ਼ ਏਅਰ ਬੇਸ ਤੱਕ ਹਵਾਈ ਸਫ਼ਰ ਦੌਰਾਨ ਜਹਾਜ਼ ਵਿਚ ਸਵਾਰ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਗ਼ੌਰਤਲਬ ਹੈ ਕਿ ਇਨ੍ਹਾਂ ਹੁਕਮਾਂ ਉਤੇ ਬੀਤੇ ਦਿਨੀਂ ਇਕ ਫੈਡਰਲ ਜੱਜ ਨੇ ਪਾਬੰਦੀ ਲਾ ਦਿੱਤੀ ਸੀ। ਇਸ ਖ਼ਿਲਾਫ਼ ਹਕੂਮਤ ਵੱਲੋਂ ਦਾਇਰ ਅਪੀਲ ਉਤੇ ਅਪੀਲੀ ਅਦਾਲਤ ਨੇ ਦੋਵਾਂ ਧਿਰਾਂ ਨੂੰ ਆਪੋ-ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਹੈ।


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538


SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# "AMBEDKAR TIMES" AND "DESH DOABA" FONDLY REMEMBER SH. C.L. CHUMBER

*Adaras "Ambedkar Times" and "Desh Doaba" fondly remember Sh. C.L. Chumber, former Punjab Government Welfare Officer, founder editor of "Kaumi Udarian", Souvenir of the life and Contributions of Babu Mangu Ram Mugowalia Ji, a social activist and bold journalist on his first Barsi (anniversary), who passed away silently on February 6, 2016 at his sweet home in native town Jalandhar City (Punjab). His memories will remain all times with us. It was he who advised us to designate our Punjabi Weekly as "Desh Doaba". He never hesitated to raise his voice with echo of truth as and when the situation demanded. He wanted passionately that our Samaj (Society) should walk into the footsteps of Babasaheb Dr. B.R Ambedkar, Babu Mangu Ram Mugowalia and Sahib Shri Kanshi Ram Ji to fulfill their mission of building a castles society where our people should live at par with rest of the society enjoying equality and dignity. We proudly reproduce the tribute to Sh. C.L. Chumber by respected Dr. Sahib Professor Ronki Ram Ji posted at www.ambedkartimes.com on February 8, 2016.*

**Prem K. Chumber**
**Editor-in-Chief Www.ambedkartimes.com & www.Deshdoaba.com**



# REMEMBERING SH. C. L. CHUMBER

**Ronki Ram**
**Fellow & Dean (Arts Faculty)**
**Hon. Director, ICSSR (NWRC)**
**Shaheed Bhagat Singh Professor of Political Science**
**Panjab University, Chandigarh**

The sudden demise of Sh. C. L. Chumber on February 6, 2016 is not only shocking and appalling to his family alone but to all those who associated with him and knew his close concern with the welfare of the community. Born on March 2, 1958 in his ancestral home at Hussain Abad that falls in Tehsil Nakodar of Jalandhar district, Mr. Chumber got his matriculation from Govt. High School Shankar and B.A. from K. R.M. DAV College Nakodar. In 1976, he was selected as a Tehsil Welfare Officer. After a few years, he resigned from the service on October 12, 1979 to become a whole-time servant of the community. He was closely associated with Babu Kanshi Ram Ji during his activism sojourns in Punjab and contributed a lot for furthering the cause of the Dalit movement in the state. He also played a major role in building Dalit print media in Punjab. On November 19, 1985, he launched Dalit magazine entitled "Qaumi Udarian" to initiate regular debate and conversation on the burning issues of Dalit identity and empowerment. . He was resident editor of "Bahujan Bulletin" which was released by Babu Kanshi Ram Ji. He struggled hard to remind his people within the Samaj and outside about the great contribution made by Babu Mangu Ram Mugowalia and his famous Ad Dharm movement. He brought out a detailed souvenir on the life of Babu Mangu Ram Mugowalia and the achievements of the historic Ad Dharm movement in Punjab. On June 11, 2000, Mr. Chumber republished the Ad Dharm Report of 1931 with the list of its 500 members about whom there was no information was available.

Despite his being a whole-time servant of the Samaj, Mr C. L. Chumber provided the best education to his children. His two sons, Kumarjiv Chumber &Jansangram Chumber and two daughters Ravjot& Amandeep are well educated. He often used to talk that it is only through excellent educational qualifications our Samaj can confront the centuries old repression and social exclusion slammed on the lives of Dalits. His social and political activism was never resented by the members of his family. They supported him throughout his life struggle. His wife Mrs. Santosh Kumari Chumber stood with him at all the occasion and contributed her best in his struggle. It is with the support of his dedicated and committed wife towards his mission that he remained free from the daily chores of house hold activities. His continuous struggle left an indelible print on the lives of his three brothers (Prem Kumar Chumber, Tarsem Lal Chumber and Ravi Parkash Chumber) who did not hesitate to follow into his footsteps. Mr. Prem Kumar Chumber's contribution towards the community is known world over. He has continuously been publishing two weekly newspapers (Ambedkar Times (English) and Desh Doaba in Punjabi) headquartered at Sacramento (California) in the USA. Mr. Prem Chumber confesses that all this has been possible only with the encouragement and guidance of his great brother Mr. C. L. Chumber who was more a father figure to him rather than a brother.

Mr. C.L. Chumber was like a father to his three sisters and three brothers who lost their father (Late Shri Punjab Rai Chumber MA) in his prime age. The loving son of mother Mrs. Bishan Kaur Chumber, C. L. Chumber was fond of books in general and Dalit literature in particular. He was a voracious reader and always remained ready for engaged conversations. He never minced words while articulating his view-point. His deep attachment with the history of Dalit culture and Dalit heritage brought him closer to the realization to preserve the glorious history of Ad Dharm movement in Punjab. He was a man of clear and simple heart, unwavering commitment and fearless convictions for the betterment of the community. On his sudden passing away causing a tragic loss to the family and the community as a whole, I offer my heartfelt condolences and pray for peace and tranquility of the departed soul.

**Posted on**
**www.ambedkartimes.com**
**on February 8, 2016**

# ਭਾਈ ਨਿਰਮਲ ਸਿੰਘ ਜੀ ਦੇ ਸਵਰਗੀ ਪਿਤਾ ਸ. ਸੰਤੋਖ ਸਿੰਘ ਜੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ

**ਸੈਕਰਾਮੈਂਟੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਨਿਰਮਲ ਸਿੰਘ ਜੀ ਦੇ ਪੂਜਨੀਕ ਪਿਤਾ ਸ. ਸੰਤੋਖ ਸਿੰਘ ਜੀ ਬੀਤੇ ਦਿਨੀਂ ਸਹਾਰਨਪੁਰ (ਉਤਰ ਪ੍ਰਦੇਸ਼) 'ਚ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਦੋ ਲੜਕੇ ਭਾਈ ਨਿਰਮਲ ਸਿੰਘ, ਸ ਉਪਕਾਰ ਸਿੰਘ ਅਤੇ ਦੋ ਲੜਕੀਆਂ ਗੁਰਦੀਪ ਕੌਰ, ਰਸਿੰਦਰ ਕੌਰ (ਸਾਰੇ ਵਿਆਹੇ) ਦਾ ਹੱਸਦਾ ਵੱਸਦਾ ਪਰਿਵਾਰ ਛੱਡ ਗਏ।

ਸਵਰਗੀ ਸ. ਸੰਤੋਖ ਸਿੰਘ ਜੀ ਦੀ ਜੀਵ ਆਤਮਕ ਸ਼ਾਂਤੀ ਲਈ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸੰਗਤ ਨੇ ਸਹਿਜ ਪਾਠ ਰਖਾਏ ਸਨ। 4 ਫਰਵਰੀ ਦਿਨ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ ਭੋਗ ਪਾਏ ਗਏ, ਉਪਰੰਤ ਕੀਰਤਨ ਦੀਵਾਨ ਸਜਾਏ ਗਏ, ਜਿਸ ਦੌਰਾਨ ਭਾਈ ਜਸਪਾਲ ਸਿੰਘ ਜੀ, ਭਾਈ ਉਂਕਾਰ ਸਿੰਘ ਜੀ, ਭਾਈ ਚਰਨ ਸਿੰਘ ਜੀ ਤੇ ਭਾਈ ਨਿਰਮਲ ਸਿੰਘ ਜੀ ਤੇ ਉਹਨਾਂ ਦੇ ਨਾਲ ਭਾਈ ਕਾਬਲ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਨੇ ਵੈਰਾਗਮਈ ਕੀਰਤਨ ਕੀਤਾ। ਇਸ ਉਪਰੰਤ ਸਵਰਗੀ ਸ. ਸੰਤੋਖ ਸਿੰਘ ਜੀ ਦੇ ਸਪੁੱਤਰ ਜੋ ਗੁਰੂ ਘਰ ਦੇ ਹੈਡ ਗ੍ਰੰਥੀ ਵੀ ਹਨ, ਨੇ ਆਪਣੇ ਪੂਜਨੀਕ ਪਿਤਾ ਜੀ ਦੀਆਂ ਯਾਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਦਿੰਦਿਆਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਆਪਣੇ ਵੱਲੋਂ ਤੇ ਭਾਰਤ ਰਹਿੰਦੇ ਆਪਣੀ ਸੁਪਤਨੀ ਬੀਬੀ ਮਨਜੀਤ ਕੌਰ, ਆਪਣੇ ਛੋਟੇ ਵੀਰ ਅਤੇ ਦੋ ਭੈਣਾਂ ਤੇ ਉਨ੍ਹਾਂ ਦੇ ਸਮੂਹ ਪਰਿਵਾਰਾਂ ਵੱਲੋਂ ਕੋਟਿਨ-ਕੋਟਿ ਧੰਨਵਾਦ ਕੀਤਾ, ਜਿਹਨਾਂ ਨੇ ਮੈਨੂੰ ਇਹ ਬਿਲਕੁਲ ਅਹਿਸਾਸ ਨਹੀਂ ਹੋਣ ਦਿੱਤਾ ਕਿ ਮੈਂ ਇੱਥੇ ਇਕੱਲਾ ਰਹਿੰਦਾ ਹਾਂ। ਭਾਈ ਨਿਰਮਲ ਸਿੰਘ ਜੀ ਦੇ ਪਰਿਵਾਰ ਨੇ ਵੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਧੰਨਵਾਦ ਕੀਤਾ, ਜੋ ਇਸ ਵਕਤ ਇੰਡੀਆ ਰਹਿ ਰਹੇ ਹਨ। ਅੱਜ ਇਸ ਦੁੱਖ ਦੀ ਘੜੀ ਵਿਚ ਸਰਵ ਸ੍ਰੀ ਰਾਮ ਸੇਵਕ ਭਾਟੀਆ ਯੂਬਾ ਸਿਟੀ ਤੋ, ਰਮੇਸ਼ ਬੰਗੜ ਪ੍ਰਧਾਨ ਅਤੇ ਭਾਈ ਅਮਰਜੀਤ ਸਿੰਘ ਜੀ ਰੋਜ਼ਵਿਲ ਵਾਲੇ ਨੇ ਸਵਰਗੀ ਸ. ਸੰਤੋਖ ਸਿੰਘ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਭਾਈ ਨਿਰਮਲ ਸਿੰਘ ਜੀ ਦੇ ਮਿੱਠ ਬੋਲੜੇ ਸੁਭਾਅ, ਧਾਰਮਿਕ ਤੇ ਸਮਾਜਿਕ ਗੱਲਾਂ ਤੋ ਜਾਪਦਾ ਹੈ ਕਿ ਉਨ੍ਹਾਂ ਦੇ ਪਿਤਾ ਜੀ ਕਿੰਨੇ ਚੰਗਾ ਗੁਣਾਂ ਦੇ ਧਨੀ ਹੋਣਗੇ। ਸਟੇਜ ਦੀ ਸੇਵਾ ਸ੍ਰੀ ਰਾਜ ਸੂਦ ਨੇ ਨਿਭਾਉਂਦਿਆਂ ਵਿਛੜੀ ਜੀਵ ਆਤਮਾ ਦੀ ਰੂਹ ਦੀ ਸ਼ਾਂਤੀ ਲਈ ਅਕਾਲ ਪੁਰਖ ਅੱਗੇ ਦਿਲੀ ਅਰਜ਼ੋਈ ਕੀਤੀ। ਅਖੀਰ ਵਿਚ ਬਾਪੂ ਚਰਨ ਸਿੰਘ ਭਾਟੀਆ ਅਤੇ ਪ੍ਰਬੰਧਕ ਕਮੇਟੀ ਵੱਲੋਂ ਭਾਈ ਨਿਰਮਲ ਸਿੰਘ ਜੀ ਨੂੰ (ਘਰ 'ਚ ਵੱਡੇ ਹੋਣ ਦੇ ਨਾਤੇ) ਜ਼ਿੰਮੇਵਾਰੀ ਵਜੋਂ ਪੱਗ ਦੀ ਰਸਮ ਨਿਭਾਈ।
















## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10, 11, 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ।

ਸ੍ਰੀਮਤੀ ਜ਼ੀਨਾ ਭਾਟੀਆ
ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ
ਸ੍ਰੀ ਮੇਜਰ ਸਿੰਘ ਭਾਟੀਆ
Owner; ANGELO'S Pizza WINGS, Mini Market Pittsburg



ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।




# ਸੋਮ ਨਾਥ ਭਾਟੀਆ

ਸਾਬਕਾ ਪ੍ਰਧਾਨ,
ਸ੍ਰੀ ਗੁਰੂ ਰਵਿਦਾਸ ਸਭਾ
ਪਿਟਸਬਰਗ (ਕੈਲੇਫੋਰਨੀਆ)

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10, 11, 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।


ਸੋਮ ਨਾਥ ਭਾਟੀਆ ਅਤੇ ਮਿਸਿਜ਼ ਨੀਨਾ ਭਾਟੀਆ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਗਈ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 3, 4, 5 ਫਰਵਰੀ ਦਿਨ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਸ੍ਰੀਮਾਨ ਹਰਬਲਾਸ ਰੱਲ੍ਹ ਜੀ, ਬੀਬੀ ਅਮਰੋ ਰੱਲ੍ਹ ਜੀ, ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ ਗੁਰੂ ਘਰ), ਬੀਬੀ ਰੇਸ਼ਮੋ ਰੱਲ੍ਹ ਜੀ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕਰਵਾਈ ਗਈ। ਜਿਸ ਵਿਚ ਮਿਤੀ 3 ਫਰਵਰੀ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ ਮਿਤੀ 5 ਫਰਵਰੀ ਦਿਨ ਐਤਵਾਰ ਨੂੰ ਪਾਏ ਗਏ।

ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਜੋਗਿੰਦਰ ਸਿੰਘ ਸ਼ੌਂਕੀ ਜੀ ਨੇ ਵੀ ਗੁਰਬਾਣੀ ਕੀਰਤਨ ਦੁਆਰਾ ਆਪਣੀ ਹਾਜ਼ਰੀ ਲਗਵਾਈ। ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਨੇ ਭੋਗ ਉਪਰੰਤ ਮੁੱਖ ਵਾਕ ਦੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਪ੍ਰਬੰਧਕ ਕਮੇਟੀ ਵੱਲੋਂ ਸ੍ਰੀਮਾਨ ਹਰਬਲਾਸ ਰੱਲ੍ਹ ਜੀ, ਸ੍ਰੀ ਦਲਵਿੰਦਰ ਰੱਲ੍ਹ ਜੀ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਸਾਰੀ ਸੰਗਤ ਨੂੰ ਜੀ ਆਇਆਂ ਆਖਦਿਆਂ ਸੰਗਤਾਂ ਦਾ ਧੰਨਵਾਦ ਕੀਤਾ।

-----------

















ਹਰਿ ਸੋ ਹੀਰਾ ਛਾਡਿ ਕੈ
ਕਰਹਿ ਆਨ ਕੀ ਆਸ॥

## ਮਹਾਨ ਰੈਣਿ ਸਬਾਈ
# ਕੀਰਤਨ ਦਰਬਾਰ

### 9 ਫਰਵਰੀ, 2017, ਵੀਰਵਾਰ ਸ਼ਾਮ 6 ਵਜੇ

ਤੇ ਨਰ ਦੋਜਕ ਜਾਹਿਗੇ
ਸਤਿ ਭਾਖੈ ਰਵਿਦਾਸ॥



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਆਗਮਨ ਪੁਰਬ ਦੀ ਖੁਸ਼ੀ ਵਿਚ ਮਹਾਨ ਰੈਣ ਸਬਾਈ ਕੀਰਤਨ ਦਰਬਾਰ ਹੋ ਰਿਹਾ ਹੈ। ਇਸ ਮੌਕੇ ਪੰਥ ਪ੍ਰਸਿੱਧ ਕੀਰਤਨੀ ਜਥੇ: ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ, ਭਾਈ ਚਾਰਾ ਸਿੰਘ ਜੀ ਨਾਨਕ ਮਤੇ ਵਾਲੇ, ਭਾਈ ਬਲਬੀਰ ਸਿੰਘ, ਭਾਈ ਆਤਮਜੋਤ ਸਿੰਘ, ਭਾਈ ਜੋਗਿੰਦਰ ਸਿੰਘ, ਭਾਈ ਹਰਜੀਤ ਸਿੰਘ, ਭਾਈ ਫਤਿਹ ਸਿੰਘ ਹੁਸ਼ਿਆਰਪੁਰ ਵਾਲੇ, ਭਾਈ ਪੰਜਾਬ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਅਜਮੇਰ ਸਿੰਘ ਰੋਜ਼ਵਿਲ ਵਾਲੇ, ਜਥੇਦਾਰ ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਸੰਗਤਾਂ ਨੂੰ ਰਸ ਭਿੰਨੇ ਕੀਰਤਨ ਨਾਲ ਨਿਹਾਲ ਕਰੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਮਿਤੀ 10, 11, 12 ਫਰਵਰੀ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ, ਬੀਬੀ ਪੁਸ਼ਪਾ ਰੱਲ੍ਹ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ ਜੀ।

### ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 19 ਫਰਵਰੀ ਨੂੰ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 19 ਫਰਵਰੀ ਦਿਨ ਐਤਵਾਰ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। 18 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ 5 ਵਜੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲੇ ਪਹਿਨਾਏ ਜਾਣਗੇ। ਨਿਸ਼ਾਨ ਸਾਹਿਬ ਜੀ ਦੀ ਸੇਵਾ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਪਰਿਵਾਰ ਵੱਲੋਂ ਕੀਤੀ ਜਾਵੇਗੀ। ਇਸ ਤੋਂ ਉਪਰੰਤ ਸ਼ਨਿਚਰਵਾਰ 5 ਵਜੇ ਤੋਂ ਲੈ ਕੇ 9 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਭਾਈ ਜਸਵੀਰ ਸਿੰਘ ਖਾਲਸਾ ਜੀ, ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਦਾ ਢਾਡੀ ਜਥਾ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

19 ਫਰਵਰੀ ਦਿਨ ਐਤਵਾਰ ਨੂੰ 10 ਵਜੇ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਭਾਈ ਸਤਿਨਾਮ ਸਿੰਘ ਜੀ, ਬੀਬੀ ਕੁਲਵਿੰਦਰ ਕੌਰ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਭਾਈ ਜਸਵੀਰ ਸਿੰਘ ਜੀ ਖਾਲਸਾ ਇੰਗਲੈਂਡ ਵਾਲੇ, ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਦਾ ਢਾਡੀ ਜਥਾ, ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

* **The Taj** ਰੈਸਟੋਰੈਂਟ ਵੱਲੋਂ ਛੋਲੇ-ਭਟੂਰੇ ਦੀ ਸੇਵਾ ਕੀਤੀ ਜਾਵੇਗੀ।
* ਸ੍ਰੀ ਰਾਜ ਕੁਮਾਰ ਜੀ ਵੱਲੋਂ ਚਾਟ, ਗੋਲ ਗੱਪਿਆਂ ਦੀ ਸੇਵਾ ਕੀਤੀ ਜਾਵੇਗੀ।
* **ਨੋਟ:-** ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ।
* ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਫੋਨ ਨੰਬਰ- 916-694-3386

### ਗੁਰਪੁਰਬ ਸਬੰਧਤ ਪ੍ਰੋਗਰਾਮਾਂ ਦਾ ਵੇਰਵਾ

* ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ
17 ਫਰਵਰੀ (ਦਿਨ ਸ਼ੁੱਕਰਵਾਰ)
** ਸ੍ਰੀ ਨਿਸ਼ਾਨ ਸਾਹਿਬ ਜੀ ਦੀ ਸੇਵਾ
18 ਫਰਵਰੀ (ਦਿਨ ਸ਼ਨਿਚਰਵਾਰ ਸ਼ਾਮੀ 5 ਵਜੇ)
*** ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ
19 ਫਰਵਰੀ ਦਿਨ ਐਤਵਾਰ (10 ਵਜੇ ਸਵੇਰੇ)



### ਗੁਰੂ ਘਰ ਦੇ ਸੇਵਾਦਾਰ

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) 530-218-4468
ਸ੍ਰੀ ਸਤਨਾਮ ਸਿੰਘ (ਜਨਰਲ ਸਕੱਤਰ) 530-682-3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨ. ਸਕੱਤਰ) 530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-682-3962
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ) 530-790-5985
ਸ੍ਰੀ ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ) 530-565-5974
ਭੁਪਿੰਦਰ ਸਿੰਘ ਭੰਡਾਲ (530) 301-2518

**Sri Guru Ravidas Temple 1480 HAYNE AVE YUBA CITY, Phone- 530-674-2564)**



ਸ੍ਰੀ ਗੁਰੂ ਰਵਿਦਾਸ ਜੀ

## ਤੁਮ ਜੁ ਨਾਇਕ ਆਛਹੁ ਅੰਤਰਜਾਤੀ॥ ਪ੍ਰਭ ਤੇ ਜਨ ਜਾਨੀ ਜੈ ਜਨ ਤੇ ਸੁਆਮੀ

## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

ਸ੍ਰੀਮਾਨ ਸੁਖਰਾਜ ਚੋਪੜਾ ਜੀ ਨੂੰ ਪੰਜ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦਾ ਉਦਘਾਟਨੀ ਰਿਬਨ ਕੱਟਣ ਦਾ ਮਾਣ ਹਾਸਲ ਹੈ। ਉਹਨਾਂ ਨੇ 2 ਜੂਨ 1985 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਸਤੰਬਰ 1997 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, 10 ਅਪ੍ਰੈਲ 1998 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਨਵੰਬਰ 2004 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ, 13 ਫਰਵਰੀ 2005 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਰਿਬਨ ਕੱਟ ਕੇ ਗੁਰੂ ਮਹਾਰਾਜ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

# ਸਮੂਹ ਚੋਪੜਾ ਪਰਿਵਾਰ



# SHRI SUKHRAJ SINGH CHOPRA & MRS. ROSHNI CHOPRA

ਦੇਸ਼ ਦੁਆਬਾ

# ਉਤਰ ਪ੍ਰਦੇਸ਼ ਅਤੇ ਸਤਿਗੁਰੂ ਰਵਿਦਾਸ ਜੀ

ਪੰਜਾਬ ਤੋਂ ਬਾਅਦ ਉਤਰ ਪ੍ਰਦੇਸ਼ ਚੋਣਾਂ ਦਾ ਬੁਖਾਰ ਸਿਖਰ ਤੇ ਹੈ। ਭਾਰਤ ਦੀ ਰਾਜਨੀਤੀ ਵਿਚ ਸਭ ਤੋਂ ਅਹਿਮ ਇਸ ਸੂਬੇ ਨੇ ਕਈ ਲਹਿਰਾਂ ਨੂੰ ਵੀ ਜਨਮ ਦਿੱਤਾ ਅਤੇ ਦਿੱਲੀ ਦੀ ਰਾਜਨੀਤੀ ਦਾ ਰੱਥ ਉਸ ਦੇ ਹੀ ਹੱਥ ਆਇਆ, ਜਿਸ ਦਾ ਉਤਰ ਪ੍ਰਦੇਸ਼ ਨੇ ਪੱਲਾ ਫੜਿਆ। ਉਤਰ ਪ੍ਰਦੇਸ਼ ਵਿਚ ਆਜ਼ਾਦੀ ਵੇਲੇ ਕਾਂਗਰਸ ਦੀ ਲਹਿਰ ਤੋਂ ਬਾਅਦ ਬਦਲਾਅ ਦਾ ਝੰਡਾ ਵੀ ਇਸੇ ਸੂਬੇ ਨੇ ਚੁੱਕਿਆ। ਸਮਾਜਵਾਦੀ ਲਹਿਰ ਦਾ ਝੰਡਾ ਬਰਦਾਰ ਬਣਿਆ ਉਤਰ ਪ੍ਰਦੇਸ਼ ਸਮਾਜਿਕ ਸੰਘਰਸ਼ ਦਾ ਵੀ ਸਭ ਤੋਂ ਵੱਡਾ ਮੈਦਾਨ ਬਣਿਆ ਹੈ। ਇਸ ਸੂਬੇ ਵਿਚ ਹੁਣ ਤਿੰਨ ਧਿਰਾਂ ਪ੍ਰਮੁੱਖ ਹਨ, ਜੋ ਸੱਤਾ ਦੀਆਂ ਦਾਅਵੇਦਾਰ ਮੰਨੀਆਂ ਜਾ ਰਹੀਆਂ ਹਨ। ਮੌਜੂਦਾ ਸੱਤਾਧਾਰੀ ਸਮਾਜਵਾਦੀ ਪਾਰਟੀ ਜੋ ਕਿ ਅੰਦਰੂਨੀ ਕਾਟੋ-ਕਲੇਸ਼ ਦਾ ਸ਼ਿਕਾਰ ਹੈ, ਹੋਰ ਸਮਾਜਵਾਦੀ ਪ੍ਰਭਾਵ ਰੱਖਣ ਵਾਲੇ ਜਨਤਾ ਦਲ ਪਰਿਵਾਰ ਸਮੇਤ ਕਾਂਗਰਸ ਨਾਲ ਰਲ ਕੇ ਚੋਣਾਂ ਲੜ ਰਹੀ ਹੈ। ਦੂਜੀ ਬਹੁਜਨ ਸਮਾਜ ਪਾਰਟੀ, ਜਿਹੜੇ ਇਕੱਲਿਆਂ ਹੀ ਉਤਰ ਪ੍ਰਦੇਸ਼ ਦੇ ਚੋਣ ਮੈਦਾਨ ਵਿਚ ਉਤਰੀ ਹੋਈ ਹੈ। ਇਸ ਪਾਰਟੀ ਨੇ ਆਪਣੇ ਦਮ ਤੇ ਵੀ ਉਤਰ ਪ੍ਰਦੇਸ਼ ਵਿਚ ਸਰਕਾਰਾਂ ਬਣਾਈਆਂ ਅਤੇ ਕੁਲੀਸ਼ਨ ਸਰਕਾਰਾਂ ਵੀ ਚਲਾਈਆਂ। ਤੀਜੀ ਭਾਰਤੀ ਜਨਤਾ ਪਾਰਟੀ, ਜਿਸ ਨੂੰ ਕਿ ਉਤਰ ਪ੍ਰਦੇਸ਼ ਤੋਂ ਲੋਕ ਸਭਾ ਵਿਚ 72 ਸੀਟਾਂ ਮਿਲੀਆਂ ਸਨ। ਇਸ ਪਾਰਟੀ ਦਾ ਦਾਅਵਾ ਹੈ ਕਿ ਲੋਕ ਸਭਾ ਵਿਚ ਮਿਲੀਆਂ ਸੀਟਾਂ ਦੇ ਦਮ ਤੇ ਉਹ ਵਿਧਾਨ ਸਭਾ ਚੋਣਾਂ ਵਿਚ ਵੀ ਜਿੱਤ ਹਾਸਲ ਕਰੇਗੀ।

ਉਤਰ ਪ੍ਰਦੇਸ਼ ਸਮਾਜਿਕ ਤੌਰ ਤੇ ਭਾਰਤ ਦੇ ਬਾਕੀ ਸੂਬਿਆਂ ਵਾਂਗ ਜਾਤੀਵਾਦ ਦਾ ਸ਼ਿਕਾਰ ਹੈ। ਇਸ ਸੂਬੇ ਵਿਚ ਜਾਤੀ ਵਿਤਕਰੇ ਦੇ ਖਿਲਾਫ ਬਸਪਾ ਨੇ ਲਹਿਰ ਚਲਾਈ ਅਤੇ ਰਾਜਨੀਤੀ ਦੀ ਸਿਖਰਲੀ ਟੀਸੀ ਤੱਕ ਪਹੁੰਚੀ। ਇਸ ਪਾਰਟੀ ਨੇ ਦੱਬੇ-ਕੁਚਲੇ ਲੋਕਾਂ ਦੀ ਬਾਂਹ ਫੜੀ ਅਤੇ ਭਾਰਤ ਵਿਚ ਸਮਾਜਿਕ ਕ੍ਰਾਂਤੀ ਦੇ ਝੰਡਾ ਬਰਦਾਰ ਰਹਿਬਰਾਂ ਦੀਆਂ ਯਾਦਗਾਰਾਂ ਬਣਾ ਕੇ ਇਕ ਆਦਰਸ਼ਵਾਦੀ ਸਮਾਜ ਦੇ ਸੁਪਨੇ ਨੂੰ ਪੂਰਾ ਕਰਨ ਦਾ ਰਾਹ ਪੱਧਰਾ ਕੀਤਾ। ਭਾਰਤ ਦੇ ਮਹਾਨ ਸ਼ਹੀਦਾਂ ਦੇ ਨਾਂ ਤੇ ਜ਼ਿਲ੍ਹਿਆਂ ਦਾ ਨਾਂ ਰੱਖਿਆ। ਸ਼ਹੀਦ ਊਧਮ ਸਿੰਘ ਨਗਰ ਜ਼ਿਲ੍ਹੇ ਸਮੇਤ ਕਈ ਯੂਨੀਵਰਸਿਟੀਆਂ ਦੇ ਨਾਂ ਸਮਾਜਿਕ ਕ੍ਰਾਂਤੀ ਦੇ ਝੰਡਬਰਦਾਰ ਮਹਾਨ ਸ਼ਖਸੀਅਤਾਂ ਦੇ ਨਾਂ ਤੇ ਰੱਖੇ। ਭਾਰਤ ਵਿਚ ਸਮਾਜਿਕ ਕ੍ਰਾਂਤੀ ਦੇ ਸਭ ਤੋਂ ਵੱਡੇ ਝੰਡਾ ਬਰਦਾਰ ਅਤੇ ਭਾਰਤ ਨੂੰ ਇਕ ਆਦਰਸ਼ ਲੋਕਰਾਜੀ ਪ੍ਰਣਾਲੀ ਦੇਣ ਵਾਲੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਵਧਾਇਆ ਅਤੇ ਉਹਨਾਂ ਦੇ ਬੁੱਤ ਲਗਾਏ। ਆਪਣੇ ਸਮਾਜਿਕ ਕ੍ਰਾਂਤੀ ਦੇ ਏਜੰਡੇ ਤੇ ਕਾਇਮ ਰਹਿੰਦਿਆਂ ਇਸ ਪਾਰਟੀ ਨੇ ਮਿੱਥੀ ਟੀਚਿਆਂ ਦੀ ਪੂਰਤੀ ਲਈ ਬਹੁਤ ਵੱਡਾ ਯੋਗਦਾਨ ਪਾਇਆ। ਇਹ ਉਹੀ ਉਤਰ ਪ੍ਰਦੇਸ਼ ਹੈ, ਜਿਸ ਨੇ ਕਿਸੇ ਸਮੇਂ ਭਾਰਤ ਦੀ ਰਾਜਨੀਤੀ ਵਿਚ ਸਮਾਜਵਾਦੀ ਲਹਿਰ ਲਿਆਂਦੀ ਸੀ। ਇਹ ਉਹੀ ਸੂਬਾ ਹੈ, ਜਿਸ ਨੇ ਫਿਰਕੂ ਰਾਜਨੀਤੀ ਵੀ ਦੇਖੀ ਹੈ। ਇਸ ਸੂਬੇ ਨੇ ਗੰਗਾ ਦੇ ਪਾਣੀ ਤੋਂ ਲੈ ਕੇ ਖੂਨ ਦੀਆਂ ਨਦੀਆਂ ਸਭ ਦੇਖੀਆਂ ਹਨ ਅਤੇ ਸਮਾਜ ਵਿਚ ਪਾਈ ਜਾਂਦੀ ਨਫਰਤ ਅਤੇ ਫਿਰਕਾਪ੍ਰਸਤੀ ਸਮੇਤ ਜਾਤੀਵਾਦ ਦਾ ਸੰਤਾਪ ਹੰਢਾ ਰਹੇ ਲੋਕਾਂ ਦਾ ਦਰਦ ਵੀ ਦੇਖਿਆ ਹੈ। ਹੁਣ ਉਤਰ ਪ੍ਰਦੇਸ਼ ਦੇ ਲੋਕਾਂ ਨੇ ਹੀ ਤਹਿ ਕਰਨਾ ਹੈ ਕਿ ਉਹਨਾਂ ਨੂੰ ਸਮਾਨਤਾ ਤੇ ਆਧਾਰਿਤ, ਸਭ ਦਾ ਭਲਾ ਚਾਹੁਣ ਵਾਲਾ ਸੂਬਾ ਚਾਹੀਦਾ ਹੈ ਜਾਂ ਫਿਰਕੂ ਹਿੰਸਾ, ਲਾਰਿਆਂ ਵਾਲੀ ਰਾਜਨੀਤੀ ਚਾਹੀਦੀ ਹੈ।

*ਸੱਚੇ ਸੁੱਚੇ ਮਾਨਵਤਾਵਾਦੀ, ਮਾਨਵਤਾ ਦਾ ਭਲਾ ਚਾਹੁਣ ਵਾਲੇ, ਮਾਨਵਤਾ ਲਈ ਕੁਰਬਾਨ ਹੋ ਜਾਣ ਵਾਲੇ, ਮਾਨਵਤਾ ਲਈ ਬੇਗਮਪੁਰਾ ਵਰਗਾ ਦੇਸ਼ ਚਾਹੁਣ ਵਾਲੇ ਤੇ ਉਸ ਵਿਚ ਮੁਕੰਮਲ ਸਮਾਜਵਾਦ ਦੇ ਹਾਮੀ ਅਤੇ ਮਨੂੰਵਾਦ ਦੀਆਂ ਧੱਜੀਆਂ ਉਡਾਉਣ ਵਾਲੇ ਅਕਾਲ ਪੁਰਖ ਜੀ ਦੇ ਮਹਾਨ ਸਪੂਤ ਸਾਹਿਬ ਸ੍ਰੀ ਸਤਿਗੁਰੂ ਕਬੀਰ ਸਾਹਿਬ ਤੇ ਸਤਿਗੁਰੂ ਰਵਿਦਾਸ ਜੀ ਆਦਿ ਅਨੇਕਾਂ ਮਾਨਵਤਾਵਾਦੀ ਮਹਾਂਪੁਰਸ਼ਾਂ ਦੀ ਚਰਨ ਛੋਹ ਧਰਤੀ ਤੇ 10 ਫਰਵਰੀ ਨੂੰ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। ਅਦਾਰਾ "ਦੇਸ਼ ਦੁਆਬਾ" ਅਤੇ "ਅੰਬੇਦਕਰ ਟਾਈਮਜ਼" ਵੱਲੋਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਤੇ ਆਪ ਸਭ ਨੂੰ ਕਰੋੜ-ਕਰੋੜ ਵਧਾਈ ਹੋਵੇ ਜੀ। ਆਓ ਹੁਣ ਤੋਂ ਹੀ ਪ੍ਰਣ ਕਰੀਏ ਕਿ ਉਸ ਨੂੰ ਆਪਣਾ ਕੀਮਤੀ ਵੋਟ ਦਈਏ ਜੋ ਤਨੋ, ਮਨੋ, ਧਨੋ ਮਾਨਵਤਾ ਦਾ ਭਲਾ ਚਾਹੁਣ ਵਾਲੇ ਉਮੀਦਵਾਰਾਂ ਦੀ ਪਾਰਟੀ ਹੋਵੇ।*

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-21

## ਨਿੰਦਕ ਕੌਣ ਅਤੇ ਨਿੰਦਿਆ ਕੀ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਨਿੰਦਕ-ਨਿੰਦਾ ਕਰਨ ਵਾਲਾ ਭਾਵ ਕਿਸੇ ਦੇ ਗੁਣਾਂ ਨੂੰ ਔਗੁਣ ਅਤੇ ਔਗੁਣਾਂ ਨੂੰ ਗੁਣ ਦੱਸਣ ਵਾਲਾ। ਭਾਵ ਵਧਾਹ ਚੜ੍ਹਾ ਕੇ ਗੱਲ ਕਰਨ ਵਾਲਾ, ਨਾ ਹੋਈ ਨੂੰ ਹੋਈ ਕਹਿਣ ਵਾਲਾ ਨਿੰਦਕ ਹੈ। ਇਸ ਦੇ ਉਲਟ ਸੱਚ ਕਹਿਣ ਵਾਲਾ ਨਿੰਦਕ ਨਹੀਂ। ਸੱਚੇ ਸੁੱਚੇ ਭਗਤਾਂ ਅਤੇ ਗੁਰੂਆਂ ਨੇ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਮੂੰਹ ਤੇ ਕਿਹਾ ਹੈ। ਬਾਬਰ ਨੂੰ ਜ਼ਾਬਰ ਅਤੇ ਭੇਖੀ ਸੰਤਾਂ ਨੂੰ ਠੱਗ, ਪਾਖੰਡੀਆਂ ਨੂੰ ਪਾਖੰਡੀ ਅਤੇ ਕਰਮਕਾਂਡੀਆਂ ਨੂੰ ਕਰਮਕਾਂਡੀ ਮੂੰਹ ਤੇ ਕਿਹਾ ਹੈ।

ਪਰ ਅੱਜ ਕੱਲ ਗੁਰਬਾਣੀ ਨੂੰ ਨਾਂ ਸਮਝਣ ਵਾਲੇ ਭਾਵ ਗਿਣਤੀ ਮਿਣਤੀ ਦੇ ਤੋਤਾ ਰਟਨੀ ਪਾਠ ਕਰਨ ਵਾਲੇ ਵੀਰ, ਗੋਲ ਪੱਗਾਂ, ਲੰਬੇ ਚੋਲਿਆਂ, ਹੱਥਾਂ ਵਿੱਚ ਵੱਡੀਆਂ ਵੱਡੀਆਂ ਮਾਲਾਂ ਫੜੀ ਆਲ੍ਹੀਸ਼ਾਨ ਡੇਰਿਆਂ ਅਤੇ ਕਾਰਾਂ ਵਿੱਚ ਰਹਿਣ ਵਾਲੇ ਠੱਗਾਂ ਨੂੰ ਹੀ ਸੰਤ ਕਹੀ ਜਾਂਦੇ ਹਨ। ਹਾਂ ਜੇ ਕੋਈ ਗੁਰੂ ਪਿਆਰਾ ਇਨ੍ਹਾਂ ਪਾਖੰਡੀਆਂ ਬਾਰੇ ਅਸਲੀਅਤ ਦਸਦਾ ਹੈ ਤਾਂ ਇਹ ਅੰਧ ਵਿਸ਼ਵਾਸ਼ੀ ਲੋਕ ਇਸ ਨੂੰ ਸੰਤਾਂ ਦੀ ਨਿੰਦਿਆ ਕਰਨੀ ਸਮਝਦੇ ਹਨ। ਇਨ੍ਹਾਂ ਨੂੰ ਇਹ ਪਤਾ ਨਹੀਂ ਕਿ ਇਹ ਸੰਤ ਨਹੀਂ ਸਗੋਂ ਸਾਨ੍ਹ ਹਨ ਜੋ ਧਰਮ ਦਾ ਬੁਰਕਾ ਪਾ ਕੇ, ਗਰੀਬ ਲੋਕਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਲੁਟਦੇ ਹਨ। ਅਜਿਹੇ ਭੇਖੀ ਪਾਖੰਡੀਆਂ ਨੂੰ ਬਲਾਤਕਾਰੀ ਕਹਿਣਾ ਨਿੰਦਿਆ ਨਹੀਂ ਸਗੋਂ ਸੱਚ ਹੈ।ਨਿੰਦਕ ਕਦੇ ਵੀ ਸੁਖੀ ਨਹੀਂ ਹੁੰਦਾ ਅਤੇ ਆਪਣੇ ਸਾਥੀਆਂ ਨੂੰ ਵੀ ਨਾਲ ਲੈ ਡੁਬਦਾ ਹੋਇਆ ਅਰੜੌਂਦਾ ਬਿਲਲੌਂਦਾ ਹੈ-ਅਰੜਾਵੈ ਬਿਲਲਾਵੈ ਨਿੰਦਕੁ॥

ਪਾਰਬ੍ਰਹਮੁ ਪਰਮੇਸਰੁ ਬਿਸਰਿਆ, ਆਪਣਾ ਕੀਤਾ ਪਾਵੈ ਨਿੰਦਕੁ॥ ਜੇ ਕੋਈ ਉਸ ਦਾ ਸੰਗੀ ਹੋਵੈ ਨਾਲੇ ਲੇ ਸਿਧਾਵੈ॥ ਅਣਹੋਂਦਾ ਅਜਗਰੁ ਭਾਰੁ ਉਠਾਏ, ਨਿੰਦਕ ਅਗਨੀ ਮਾਹਿ ਜਲਾਵੈ॥(੩੭੩)ਨਿੰਦਕ ਰਾਤ ਦਿਨ ਦੂਜਿਆਂ ਦੀ ਨਿੰਦਿਆ ਦਾ ਭਾਰ ਚੱਕੀ ਫਿਰਦਾ ਹੈ।

ਨਿੰਦਕ ਦੂਜਿਆਂ ਦੀ ਨਿੰਦਿਆ ਕਰਕੇ ਮਾਨੋਂ ਉਨ੍ਹਾਂ ਦੇ ਕਪੜੇ ਧੌਂਦਾ ਹੈ ਕਬੀਰ ਸਾਹਿਬ ਜੀ ਫੁਰਮਾਂਦੇ ਹਨ ਕਿ ਇਹ ਪਾਖੰਡੀ ਪੰਡਿਤ ਮੇਰੀ ਫਜ਼ੂਲ ਦੀ ਨਿੰਦਿਆ ਕਰਕੇ ਮੇਰੇ ਕਪੜੇ ਧੌਂਦੇ ਹਨ-ਹਮਰੇ ਕਪਰੇ ਨਿੰਦਕੁ ਧੋਇ॥(੩੩੯) ਨਿੰਦਿਆ ਕਰਨ ਵਾਲੇ ਦਾ ਮੂੰਹ ਲੋਕ ਪ੍ਰਲੋਕ ਵਿਖੇ ਕਾਲਾ ਹੁੰਦਾ ਹੈ ਭਾਵ ਉਹ ਇਸ ਲੋਕ ਵਿੱਚ ਵੀ ਲੋਕਾਂ ਸਾਹਮਣੇ ਮੂੰਹ ਦਿਖਾਉਣ ਜੋਗਾ ਨਹੀਂ ਰਹਿੰਦਾ ਅਤੇ ਅੰਦਰੂਨੀ ਵੀ ਉਸ ਦੀ ਮੌਤ ਹੋ ਜਾਂਦੀ ਹੈ। ਨਿੰਦਕ ਸਦਾ ਦੁਸ਼ਟਾਂ ਨਾਲ ਦੋਸਤੀ ਅਤੇ ਸੰਤਾਂ (ਭਲੇ ਪੁਰਖਾਂ) ਨਾਲ ਵੈਰ ਰੱਖਦਾ ਹੈ-ਦੁਸਟਾਂ ਨਾਲਿ ਦੋਸਤੀ ਨਾਲਿ ਸੰਤਾਂ ਵੈਰੁ ਕਰੰਨਿ॥ (੩੩੯) ਪਰਾਏ ਔਗੁਣ ਦੇਖ ਕੇ ਨਿੰਦਕ ਪ੍ਰਸੰਨ ਅਤੇ ਗੁਣ ਦੇਖ ਕੇ ਦੁਖੀ ਹੁੰਦਾ ਹੈ-ਜਉ ਦੇਖੈ ਛਿਦ੍ਰ (ਔਗੁਣ) ਤਉ ਨਿੰਦਕੁ ਉਮਾਹੈ, ਭਲੋ ਦੇਖਿ ਦੁਖ ਭਰੀਐ॥(੮੨੩) ਨਿੰਦਕ ਨੂੰ ਗੁਰਬਾਣੀ ਵਿਖੇ ਦੂਜਿਆਂ ਦਾ ਗੰਦ ਖਾਣ ਵਾਲਾ ਕਪਟੀ ਦਰਸਾਇਆ ਗਿਆ ਹੈ-ਨਿੰਦਕੁ ਨਿੰਦਾ ਕਰਿ ਮਲੁ ਧੋਵੈ ਉਹ ਮਲਭਖੁ (ਮੈਲ ਖਾਣਾ) ਮਾਇਆਧਾਰੀ (ਛਲੀਆ)॥ (੫੦੭)

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਇਤਿਹਾਸਕ ਸਥਾਨ ਗੁਰਦੁਆਰਾ ਕਰੀਰ ਸਾਹਿਬ



ਤਸਵਿੰਦਰ ਸਿੰਘ ਬੜੈਚ
91-98763-22677

ਇਤਿਹਾਸਕ ਤੇ ਪਵਿੱਤਰ ਨਗਰ ਪਿੰਡ ਲਿੱਤਰ ਆਪਣੇ ਅੰਦਰ ਵਡਮੁੱਲਾ, ਗੌਰਵਮਈ ਅਤੇ ਮਹਾਨ ਇਤਿਹਾਸ ਸਮੋਈ ਬੈਠਾ ਹੈ। ਇਸ ਨਗਰ ਵਿਚ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਤਿਹਾਸਕ ਗੁਰਦੁਆਰਾ ਕਰੀਰ ਸਾਹਿਬ ਹੈ। ਇਤਿਹਾਸ ਮੁਤਾਬਿਕ ਇਸ ਪਵਿੱਤਰ ਅਸਥਾਨ 'ਤੇ ਛੇਵੇਂ ਪਾਤਸਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਿਕਰਮੀ 1689 ਫੱਗਣ ਮਹੀਨੇ ਨਥਾਣਾ ਮਹਿਰਾਜ ਦੀ ਜੰਗ ਨੂੰ ਜਿੱਤਣ ਮਗਰੋਂ ਭਾਈ ਕੀ ਡਰੋਲੀ ਤੋਂ ਚੱਲ ਕੇ ਦੀਨਾ ਕਾਂਗੜ, ਤਖਤਪੁਰਾ, ਹਠੂਰ, ਜੱਟਪੁਰਾ ਹੁੰਦੇ ਹੋਏ ਤਿੰਨ ਹਜਾਰ ਘੋੜ ਸਵਾਰ ਯੋਧਿਆਂ ਸਮੇਤ ਇਸ ਧਰਤੀ 'ਤੇ ਚਰਨ ਪਾਏ। ਛੇਵੇਂ ਪਾਤਸਾਹ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਥੇ 25 ਦਿਨ ਨਿਵਾਸ ਕੀਤਾ ਅਤੇ ਸੰਗਤਾਂ ਨੂੰ ਨਾਮ



ਬਾਣੀ ਦਾ ਉਪਦੇਸ਼ ਦੇ ਕੇ ਤਾਰਿਆ। ਉਨ੍ਹਾਂ ਨੇ ਸੰਗਤਾਂ ਨੂੰ ਨਾਮ ਜਪੋ, ਵੰਡ ਛਕੋ ਅਤੇ ਦਸਾਂ ਨਹੁੰਆਂ ਦੀ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਜਿਸ ਅਸਥਾਨ 'ਤੇ ਸਤਿਗੁਰੂ ਜੀ ਨੇ ਨਿਵਾਸ ਕੀਤਾ, ਉਸ ਅਸਥਾਨ 'ਤੇ ਅੱਜ ਗੁਰਦੁਆਰਾ ਸ੍ਰੀ ਕਰੀਰ ਸਾਹਿਬ ਦੀ ਗੁੰਮਦਾ ਸਹਿਤ ਗੁਰੂ ਘਰ ਦੀ ਬਹੁਤ ਹੀ ਸਾਨਦਾਰ, ਆਲੀਸ਼ਾਨ ਇਮਾਰਤ ਸੁਸੋਭਿਤ ਹੈ, ਜਿਸ ਦੇ ਖੁੱਲ੍ਹੇ ਦਰਬਾਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ ਹਨ। ਗੁਰਦੁਆਰਾ ਸਾਹਿਬ ਦੇ ਨਜ਼ਦੀਕ ਆਕਾਸ਼ ਨੂੰ ਛੋਹਦਾ ਕੇਸਰੀ ਨਿਸ਼ਾਨ ਸਾਹਿਬ ਝੂਲ ਰਿਹਾ ਹੈ। ਗੁਰਦੁਆਰਾ ਸ੍ਰੀ ਕਰੀਰ ਸਾਹਿਬ ਰਾਏਕੋਟ ਤੋਂ ਸਰਾਭਾ (ਲੁਧਿਆਣਾ) ਜਾਣ ਵਾਲੀ ਸੜਕ 'ਤੇ 5 ਕਿਲੋਮੀਟਰ ਦੀ ਦੂਰੀ 'ਤੇ, ਲੁਧਿਆਣਾ ਤੋਂ ਤਕਰੀਬਨ 28 ਕਿਲੋਮੀਟਰ ਦੀ ਦੂਰੀ 'ਤੇ ਅਤੇ ਜਗਰਾਉ ਤੋਂ 27 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਲਿੱਤਰ ਵਿਖੇ ਸਥਿਤ ਹੈ। ਇਸ ਅਸਥਾਨ 'ਤੇ ਹਰ ਮਹੀਨੇ ਮੱਸਿਆ, ਗੁਰਪੁਰਬ ਦਾ ਦਿਹਾੜਾ ਬੜੇ ਉਤਸਾਹ ਨਾਲ ਮਨਾਇਆ ਜਾਂਦਾ ਹੈ। ਹਰ ਸਾਲ ਸਿਵਰਾਤਰੀ ਨੂੰ ਸਾਲਾਨਾ ਜੋੜ ਮੇਲਾ ਵੀ ਹੁੰਦਾ ਹੈ। ਧਾਰਮਿਕ ਦੀਵਾਨ ਸਜਦੇ ਹਨ, ਸੰਗਤਾਂ ਆਪੋ-ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਲਈ ਇਥੇ ਵੱਡੀ ਤਦਾਦ ਵਿਚ ਨਤਮਸਤਕ ਹੁੰਦੀਆ ਹਨ। ਰਾਗੀ, ਢਾਡੀ ਅਤੇ ਕਥਾਵਾਚਕ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਾਓਚੰਦੇ ਹਨ।

# ਭਵਿੱਖ ਦੇ ਸਵਾਲਾਂ ਲਈ ਸੁਰਖਰੂ?



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਆਪਣੇ ਹੀ ਜੰਮਿਆਂ-ਜਾਇਆਂ ਮੂੰਹੋਂ ਕੋਈ ਟੇਢਾ ਜਿਹਾ ਸਵਾਲ ਸੁਣ ਕੇ ਉਦੋਂ ਮਾਂ-ਬਾਪ ਛਿੱਥੇ-ਸ਼ਰਮਿੰਦੇ ਜਿਹੇ ਤਾਂ ਹੋ ਈ ਜਾਂਦੇ ਨੇ, ਜਦੋਂ ਮਾਪਿਆਂ ਕੋਲ ਕੋਈ ਸਹੀ ਜਾਂ ਢੁਕਵਾਂ ਉਤਰ ਨਾ ਹੋਵੇ। ਖਾਸ ਕਰਕੇ ਉਦੋਂ-ਜਦੋਂ ਬੱਚਿਆਂ ਦਾ ਸਵਾਲ ਕੋਈ ਆਮ-ਫਹਿਮ ਨਾ ਹੋ ਕੇ ਅਜਿਹਾ ਵਜ਼ਨਦਾਰ ਹੋਵੇ, ਜਿਸ ਦੀਆਂ ਜੜ੍ਹਾਂ ਭੂਤਕਾਲ 'ਚ ਪਈਆਂ ਹੋਣ ਅਤੇ ਉਸਦੇ ਸਿੱਟੇ ਜਾਂ ਨਤੀਜੇ ਨਿਆਣੇ ਆਪਣੀਆਂ ਅੱਖਾਂ ਨਾਲ ਦੇਖ ਰਹੇ ਹੋਣ। ਬੀਤੇ ਹੋਏ ਸਮੇਂ ਵਿਚ ਆਪਦੇ ਮਾਪਿਆਂ ਦੀ ਅਣਗਹਿਲੀ ਜਾਂ 'ਹੋਊ ਪਰੇ- ਮੈਨੂੰ ਕੀ' ਵਾਲੀ ਕੰਨਾ-ਢੇਸੀ ਜਦ ਬੱਚਿਆਂ ਦੀ ਪਕੜ ਵਿਚ ਆ ਜਾਂਦੀ ਹੈ ਤਾਂ ਉਨ੍ਹਾਂ ਵੱਲੋਂ ਮਾਪਿਆਂ ਨੂੰ ਹੈਰਾਨੀ ਨਾਲ ਸਵਾਲ ਪੁੱਛਣੇ ਜਾਇਜ਼ ਹੀ ਸਮਝੇ ਜਾਣਗੇ।

ਸੰਨ ਚੁਰਾਸੀ ਤੋਂ ਦੋ ਤਿੰਨ ਸਾਲ ਪਹਿਲਾਂ ਪੰਜਾਬ ਵਿਚ ਜਨਮੇ ਆਪਣੇ ਕਾਕਿਆਂ ਨੂੰ ਅਮਰੀਕਾ ਲੈ ਕੇ ਆਏ ਹੋਏ ਇਕ ਦੋਸਤ ਨੇ ਮੈਨੂੰ ਬੀਤੇ ਜੂਨ-ਜੁਲਾਈ ਗੱਲ ਦੱਸੀ। ਕਹਿੰਦਾ ਯਾਰ ਮੇਰੇ ਮੁੰਡੇ ਜਦ ਕਦੇ ਜੂਨ ਚੁਰਾਸੀ ਦੇ ਘੱਲੂਘਾਰੇ ਬਾਰੇ ਜਾਂ ਉਸ ਸਮੇਂ ਦੇ ਹਾਲਾਤਾਂ ਬਾਬਤ ਮੈਨੂੰ ਪੁੱਛਦੇ ਨੇ ਕਿ ਪਾਪਾ ਤੁਸੀਂ ਉਸ ਮੌਕੇ ਪੰਜਾਬ ਵਿਚ ਬੜੇ ਆਰਾਮ ਨਾ ਜੌਬ ਕਰਦੇ ਰਹੇ। ਤੁਸੀਂ ਆਪਣਾ ਕੋਈ ਕੌਮੀ ਫਰਜ਼ ਕਿਉਂ ਨਹੀਂ ਨਿਭਾਇਆ? ਤਾਂ ਮੈਂ ਬਿਟਰ ਬਿਟਰ ਉਨ੍ਹਾਂ ਦੇ ਮੂੰਹਾਂ ਵੱਲ ਝਾਕਦਾ ਰਹਿ ਜਾਨਾਂ। ਉਨ੍ਹਾਂ ਵੇਲਿਆਂ ਬਾਰੇ ਇੰਟਰਨੈਟ 'ਤੇ ਪਈ ਸਮੱਗਰੀ ਤੋਂ ਜਾਣੂ ਹੋਏ ਅਮਰੀਕਾ 'ਚ ਪੜ੍ਹਦੇ ਉਸਦੇ ਬੱਚੇ ਤਾਂ ਖੈਰ ਆਪਣੇ ਬਾਪ 'ਤੇ ਇਹ ਗਿਲਾ ਵੀ ਕਰਦੇ ਨੇ ਕਿ ਉਹ ਕਦੇ ਪਰਿਵਾਰ ਵਿਚ ਬਹਿ ਕੇ ਵੀ ਪੰਜਾਬ ਦੇ ਉਸ ਭੀਹਾਵਲੇ ਦੌਰ ਦੀ ਗੱਲ ਨਹੀਂ ਕਰਦਾ, ਪਰ ਇੱਥੇ ਆਪਾਂ ਇਸੇ ਵਿਸ਼ੇ ਦੀ ਅਗਲੀ ਵਾਰਤਾ ਛੋਹੀਏ।

ਲੰਘੀ ਚਾਰ ਫਰਵਰੀ ਨੂੰ ਪੰਜਾਬ ਵਿਚ ਪੰਦਰਵੀਂ ਵਿਧਾਨ ਸਭਾ ਚੁਣਨ ਲਈ ਵੋਟਾਂ ਪੈ ਹਟੀਆਂ ਨੇ। ਆਪਾਂ ਸਾਰਿਆਂ ਨੂੰ ਪਤਾ ਹੈ ਕਿ ਇਸ ਵਾਰ ਦੀਆਂ ਚੋਣਾਂ 'ਕਰੋ ਜਾਂ ਮਰੋ' ਦੇ ਨਾਅਰੇ ਥੱਲੇ ਲੜੀਆਂ ਗਈਆਂ। ਖਾਸ ਤੌਰ 'ਤੇ ਬਾਦਲ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ ਸ਼ਮੂਲੀਅਤ ਸਦਕਾ ਇਸ ਵਾਰ ਪੰਜਾਬ 'ਵਾਟਰ-ਲੂ' ਦਾ ਮੈਦਾਨ ਹੀ ਬਣਿਆ ਹੋਇਆ ਸੀ। ਨੱਬੇ ਕੁ ਸਾਲ ਦੀ ਉਮਰ ਨੂੰ ਢੁੱਕਿਆ ਤੇ ਪੰਜ ਵਾਰ ਮੁੱਖ ਮੰਤਰੀ ਬਣ ਚੁੱਕਾ ਇਕ ਬਜ਼ੁਰਗ ਵੋਟਰਾਂ ਦੇ ਹਾੜ੍ਹੇ ਕੱਢਦਾ ਰਿਹਾ ਕਿ ਇਹ ਅਹੁਦਾ ਛੇਵੀਂ ਵਾਰ ਵੀ ਮੈਨੂੰ ਹੀ ਸੌਂਪ ਦਿਓ। ਇਕ ਵਾਰ ਮੁੱਖ ਮੰਤਰੀ ਬਣ ਚੁੱਕੇ ਕੈਪਟਨ ਸਾਹਿਬ ਵੀ ਜ਼ੋਰ ਲਾਉਂਦੇ ਰਹੇ ਕਿ 2012 ਵਿਚ ਮੇਰੀ ਵਾਰੀ ਕੱਟੀ ਗਈ ਸੀ, ਇਸ ਕਰਕੇ ਹੁਣ ਮੇਰਾ ਹੱਕ ਬਣਦਾ ਹੈ ਮੁੱਖ ਮੰਤਰੀ ਬਣਨ ਲਈ।

ਇਨ੍ਹਾਂ ਦੋਹਾਂ ਤੋਂ ਇਲਾਵਾ ਦਿੱਲੀ ਵਿਚ ਆਮ ਆਦਮੀ ਦੀ ਅਗਵਾਈ ਕਰਦਿਆਂ ਸੱਤਾ ਸੰਭਾਲਣ ਵਾਲੇ ਸ੍ਰੀ ਕੇਜਰੀਵਾਲ ਨੇ ਪੰਜਾਬ ਵਾਸੀਆਂ ਵਿਚ ਵੀ ਤਬਦੀਲੀ ਦੀ ਚਿਣਗ ਬਾਲ ਦਿੱਤੀ। ਪ੍ਰਸਿੱਧੀ ਪ੍ਰਾਪਤ ਕਈ ਕਲਾਕਾਰਾਂ ਅਤੇ ਕੁਝ ਨਾਮਵਰ ਸਿਆਸੀ ਹਸਤੀਆਂ ਨੂੰ ਨਾਲ ਜੋੜ, ਉਸਨੇ ਪੰਜਾਬੀਆਂ ਨੂੰ ਵਗਦੇ ਪਾਣੀਆਂ ਤੋਂ ਸੇਧ ਲੈ ਕੇ ਸੜਿਆਂਦ ਮਾਰਦੇ ਖੜ੍ਹੇ ਪਾਣੀ ਤੋਂ ਨਿਜ਼ਾਤ ਪਾਉਣ ਲਈ ਕੁਝ ਅਜਿਹਾ ਸੱਦਾ ਦਿੱਤਾ-

'ਨ੍ਹੇਰ ਨੂੰ ਹੁਣ ਦੋਸਤਾ ਉਸ ਦਿਲ 'ਚ ਕਿੱਦਾਂ ਥਾਂ ਮਿਲੂ
ਹੋ ਗਿਆ ਜੋ ਉਮਰ ਭਰ ਲਈ ਰੌਸ਼ਨੀ ਦੇ ਰੂ-ਬਰੂ।
ਫਸਲ ਰੀਝਾਂ ਵਾਲੜੀ ਫਿਰ ਦੇਖਣਾ ਲਹਿਰਾਏਗੀ।
ਦਿਲ ਦੇ ਸੁੱਕੇ ਖੇਤ ਨੂੰ ਤੂੰ ਕਰ ਨਦੀ ਦੇ ਰੂ-ਬਰੂ!!'

ਗੱਲ ਮੁੱਕਦੀ ਇਹ ਕਿ ਆਉਂਦੀ ਗਿਆਰਾਂ ਮਾਰਚ ਵਾਲੇ ਦਿਨ ਵੋਟਾਂ ਦੀ ਗਿਣਤੀ ਉਪਰੰਤ ਆਉਣ ਵਾਲੇ ਨਤੀਜੇ ਜਿਹੋ ਜਿਹੇ ਮਰਜ਼ੀ ਹੋਣ ਪਰ ਜਦ ਕਿਤੇ ਪੰਜਾਬ ਵਿਚ ਚੱਲੇ ਸਿਆਸੀ ਜਾਂ ਰਾਜਸੀ 'ਮਹਾਂ-ਕੁੰਭ' ਦੀ ਗੱਲ ਤੁਰੇਗੀ ਤਾਂ ਉਹ ਸਾਰੇ ਲੋਕ ਇਸ ਸਵਾਲ ਦੇ ਸਨਮੁਖ ਸੁਰਖਰੂ ਹੋਣਗੇ, ਜਿਹਨਾਂ ਨੇ ਇਹਦੇ ਵਿਚ ਯਥਾ-ਸ਼ਕਤਿ ਤਨ, ਮਨ ਤੇ ਧਨ ਨਾਲ ਆਪਣਾ ਯੋਗਦਾਨ ਪਾਇਆ। ਭਵਿੱਖ ਵਿਚ ਉਹਨਾਂ ਦੀਆਂ ਪੀੜ੍ਹੀਆਂ ਜਦੋਂ ਕਦੇ ਉਨ੍ਹਾਂ ਨੂੰ ਫਰਵਰੀ 2017 ਦੇ 'ਫਤਿਹ ਮਿਸ਼ਨ' ਬਾਬਤ ਪੁੱਛਿਆ ਕਰਨਗੀਆਂ, ਤਦ ਉਹ ਹਿੱਕ ਤਾਣ ਕੇ ਆਪੋ ਆਪਣੇ 'ਤਿਲ ਫੁਲ' ਬਾਰੇ ਜ਼ਿਕਰ ਕਰਿਆ ਕਰਨਗੇ। ਪ੍ਰਸਿੱਧ ਸ਼ਾਇਰ ਗਾਸੋ ਜੀ ਦੀਆਂ ਇਨ੍ਹਾਂ ਸੱਤਰਾਂ ਮੁਤਾਬਕ-

ਹੁਣ ਨਹੀਂ ਰਹਿਣੀਆਂ ਰਾਤਾਂ ਕਾਲ਼ੇ ਕਹਿਰ ਦੀਆਂ।
ਚੜ੍ਹ ਆਈਆਂ ਨੇ ਧੁੱਪਾਂ ਸਿਖਰ ਦੁਪਹਿਰ ਦੀਆਂ।
ਜਦ ਵੀ ਬੰਦਾ ਤੁਰਦਾ ਰੌਸ਼ਨ ਰਾਹਾਂ ਤੇ
ਗੱਲਾਂ ਕਰਦਾ ਸੁੱਚੀਆਂ ਪਹਿਲੇ ਪਹਿਰ ਦੀਆਂ।
ਮੰਨਿਆ ਕਿ ਹੈ ਦੁਨੀਆਂ ਉਤੇ 'ਨ੍ਹੇਰ ਬੜਾ
ਸੂਰਜ ਚੜ੍ਹੇ 'ਤੇ ਕਦੇ ਨਾ ਰਾਤਾਂ ਠਹਿਰ ਦੀਆਂ!


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਲੋਹੜੀ ਦੇ ਤਿਉਹਾਰ 'ਤੇ ਪਿਟਸਬਰਗ ਵਿਚ ਖੂਬ ਰੌਣਕਾਂ ਲੱਗੀਆਂ

**ਪਿਟਸਬਰਗ–** ਬੀਤੀ 22 ਜਨਵਰੀ ਦਿਨ ਐਤਵਾਰ ਨੂੰ ਪਿਟਸਬਰਗ ਵਿਚ ਰੌਣਕਾਂ ਰਹੀਆਂ। ਲੋਹੜੀ ਦਾ ਪ੍ਰੋਗਰਾਮ ਆਰੰਭ ਕਰਨ ਤੋਂ ਪਹਿਲਾਂ ਪਰਮਜੀਤ ਕੌਰ ਰਾਜੂ ਨੇ ਆਈਆਂ ਹੋਈਆਂ ਬੀਬੀਆਂ ਤੇ ਬੱਚਿਆਂ ਦਾ ਧੰਨਵਾਦ ਕੀਤਾ ਤੇ ਜੀ ਆਇਆਂ ਆਖਿਆ। ਮੋਨਿਕਾ ਸਹਿਜਲ ਨੇ ਸਟੇਜ ਸੰਭਾਲੀ। ਬੀਬੀ ਸਤਨਾਮ ਕੌਰ ਜੀ ਨੇ ਜਪ ਮਨ- ਸਤਿਨਾਮ- ਸਦਾ ਸਭ ਨਾਮ ਸ਼ਬਦ ਪੜ੍ਹਿਆ। ਪ੍ਰੋਗਰਾਮ 1 ਵਜੇ ਤੋਂ 5 ਵਜੇ ਤੱਕ ਪਿਟਸਬਰਗ ਸੀਨੀਅਰ ਕਮਿਊਨਿਟੀ ਸੈਂਟਰ, 300 ਪ੍ਰੈਸੀਡੋ ਲੇਨ ਵਿਖੇ ਮਨਾਇਆ ਗਿਆ। ਇਸ ਦੌਰਾਨ ਗਿੱਧਾ, ਭੰਗੜਾ, ਸਕਿੱਟਾਂ, ਬਾਲੀਵੁੱਡ ਹਿਪ ਹਾਪ, ਓਪਨ ਡੀ. ਜੇ. ਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਕੀਤੇ। ਟਰਾਫੀਆਂ ਨਾਲ ਬੀਬੀਆਂ ਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਪਿਟਸਵਰਗ ਹਾਈ ਸਕੂਲ ਪਾਇਰੇਟਸ ਕਲੱਬ ਦੇ ਬੱਚੇ ਹਿਨਾ ਪ੍ਰਕਾਸ਼, ਪਰਵੀਨ, ਰਾਜੂ, ਰਾਤਿਕਾ ਤੇ ਸ੍ਰੋਸ ਮੈਡਾਨੋਜ ਮਿਡਲ ਸਕੂਲ ਦੇ ਬੱਚੇ ਸੌਰਵ ਮਹੇ ਤੇ ਪ੍ਰਿਆ ਉਜਾਗਰ ਨੇ ਬਹੁਤ ਵਧੀਆ ਪ੍ਰੋਗਰਾਮ ਪੇਸ਼ ਕੀਤਾ। ਸੰਸਥਾ ਵੱਲੋਂ ਸਾਰਿਆਂ ਦਾ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।




ਇਸ ਮੌਕੇ ਗਰਮਾ ਗਰਮ ਚਾਹ-ਪਕੌੜੇ, ਮਠਿਆਈ, ਮੂੰਗਫਲੀ, ਰਿਓੜੀਆਂ, ਸੋਡਾ ਪਾਣੀ ਦੀ ਮੁਫਤ ਸੇਵਾ ਕੀਤੀ ਗਈ। ਪ੍ਰੋਗਰਾਮ ਵਿਚ ਪਿਟਸਬਰਗ ਦੀਆਂ ਸੀਨੀਅਰ ਬੀਬੀਆਂ ਕਰਮਜੀਤ ਕੌਰ ਸੰਧੂ, ਬਲਵੀਰ ਕੌਰ, ਲਛਮੀ, ਮਹਿੰਦਰ ਕੌਰ, ਸੁਰਜੀਤ ਕੌਰ, ਕਮਲਾ ਦੇਵੀ, ਰਾਕੇਸ਼ ਰਾਣੀ ਨੇ ਖੂਬ ਰੌਣਕਾਂ ਲਗਾਈਆਂ। ਸੁਮਨ ਹੀਰ, ਹਿਨਾ ਬੰਗਾ, ਪਰਮਜੀਤ ਕੌਰ, ਹਰਦੀਪ ਕੌਰ, ਬਲਵਿੰਦਰ ਕੌਰ, ਗੀਤਾ, ਪ੍ਰੀਤੀ, ਅਨੁਰਾਧਾ, ਮੋਨਿਕਾ, ਸਹਿਜਲ, ਜਸ ਪ੍ਰੀਤ, ਮਨਜੀਤ ਕੌਰ ਰੱਤੂ, ਸਤਿਨਾਮ ਕੌਰ, ਸੱਤਿਆ ਦਾਸ, ਚਰਨਜੀਤ ਕੌਰ, ਸੱਤਿਆ ਉਜਾਗਰ, ਰਾਜਵੰਤ ਕੌਰ ਬੇਬੀ ਨੇ ਸਭ ਦਾ ਧੰਨਵਾਦ ਕੀਤਾ। ਅਗਲਾ ਪ੍ਰੋਗਰਾਮ ਮਈ ਵਿਚ ਮਦਰ ਡੇਅ, ਜੁਲਾਈ ਵਿਚ ਤੀਆਂ ਦਾ ਮੇਲਾ ਕਰਵਾਇਆ ਜਾਵੇਗਾ। ਬੀਬੀ ਹਰਮਿੰਦਰ ਕੌਰ ਤੇ ਕੇਵਲ ਜੱਖੂ ਪਰਿਵਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਪਰਿਵਾਰ ਵੱਲੋਂ ਡੀ. ਜੇ. ਦੀ ਮੁਫਤ ਸੇਵਾ ਕੀਤੀ ਗਈ। ਜਗਦੀਸ਼ ਰਾਮ, ਕਰਨਜੀਤ ਰਾਜੂ, ਗੁਰਦੇਵ ਸਿੰਘ ਸਿੱਧੂ, ਰਾਮ ਪ੍ਰਕਾਸ਼ ਸਿੱਧੂ, ਭੁਪਿੰਦਰ ਸਿੰਘ, ਬਲਜੀਤ ਸਿੰਘ, ਅਜੈ ਕੁਮਾਰ, ਵਿਜੈ ਕੁਮਾਰ ਦਾ ਵੀ ਧੰਨਵਾਦ ਕੀਤਾ ਗਿਆ।


ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

ਗੁਰੂ ਪਿਆਰੀ ਸਾਧ ਸੰਗਤ ਜੀ
ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਫਰਵਰੀ ਮਹੀਨੇ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਹੈ ਪਰ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਆਪ ਸਭ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਦਿਹਾੜਾ 5 ਮਾਰਚ 2017 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾ ਰਹੀ ਹੈ।

ਪ੍ਰੋਗਰਾਮਾਂ ਦਾ ਵੇਰਵਾ

* 3 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ
* 4 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸ਼ਾਮ 5 ਵਜੇ ਹੋਵੇਗੀ
ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਦੀਵਾਨ ਸਜਣਗੇ।
* 5 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ
ਉਸ ਉਪਰੰਤ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਣਗੇ, ਜਿਸ ਦੌਰਾਨ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ ਆਪਣੇ ਵਿਚਾਰ ਰੱਖਣਗੇ।

ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜਰੀਆਂ ਲਗਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਗੁਰੂ ਘਰ
559-486-3091

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) 5025 S. CHERY AVE., FRESNO (CALIFORNIA) 93706



Buying or selling Gas Stations and Hotels



All over in California

JOHN SINGH BANGA
Realtor, Lic # 01397975
916-271-5404
banga.realtor@gmail.com

ਕੀ ਤੁਸੀਂ ਆਪਣਾ ਗੈਸ ਸਟੇਸ਼ਨ ਅਤੇ ਹੋਟਲ ਦਾ ਬਿਜ਼ਨਸ ਆਰੰਭ ਕਰਨਾ ਚਾਹੁੰਦੇ ਹੋ। ਕੀ ਤੁਸੀਂ ਆਪਣਾ ਹੋਟਲ ਦੀ ਪ੍ਰਾਪਰਟੀ ਜਾਂ ਗੈਸ ਸਟੇਸ਼ਨ ਵੇਚਣਾ ਚਾਹੁੰਦੇ ਹੋ। ਕੈਲੇਫੋਰਨੀਆ ਵਿਚ ਹੋਟਲ ਅਤੇ ਗੈਸ ਸਟੇਸ਼ਨ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ। ਅੱਜ ਹੀ ਸੰਪਰਕ ਕਰੋ।

DALVIR 'DIL' NIJJAR
Realtor, Lic # 01418648
916-628-2210
dil.realtor@gmail.com



Office: 916-681-5112
7412 Elsie Avenue, Sacramento CA 94828

# ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ 'ਚ ਮਿਲਪੀਟਸ ਅਤੇ ਫਰੀਮਾਂਟ ਵਿਚ ਸ਼ਹੀਦੀ ਸਮਾਗਮ ਅਤੇ ਸੈਮੀਨਾਰ

**ਮਿਲਪੀਟਸ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਕੈਲੇਫੋਰਨੀਆ ਦੇ ਦੋ ਸ਼ਹਿਰਾਂ ਫਰੀਮਾਂਟ ਅਤੇ ਮਿਲਪੀਟਸ ਵਿਖੇ ਦੋ ਅੱਡ-ਅੱਡ ਸਮਾਗਮਾਂ ਦੌਰਾਨ ਮਨਾਈ ਗਈ, ਜਿੱਥੇ ਵੱਡੀ ਗਿਣਤੀ 'ਚ ਸੰਗਤ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਸ਼ਹੀਦ ਪਰਿਵਾਰਾਂ ਦਾ ਸਨਮਾਨ ਕੀਤਾ। ਅਮ-ਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੀ 31ਵੀਂ ਬਰਸੀ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਸਿੱਖ ਪ੍ਰਤੀਕਰਮ 1986-2017 ਵਿਸ਼ੇ 'ਤੇ ਸੈਮੀਨਾਰ 4 ਫਰਵਰੀ 2017 ਦਿਨ ਸ਼ਨੀਵਾਰ ਨੂੰ ਗੁਰਦੁਆਰਾ ਸਿੰਘ ਸਭਾ ਬੇ-ਏਰੀਆ ਮਿਲਪੀਟਸ, ਕੈਲੇਫੋਰਨੀਆ ਵਿਖੇ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਡਾ. ਹਰਿੰਦਰ ਸਿੰਘ ਵੱਲੋਂ ਸਾਕਾ ਨਕੋਦਰ ਦੌਰਾਨ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਹੋਏ ਸਿੱਖ ਪ੍ਰਤੀਕਰਮ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਤੱਥਾਂ ਅਤੇ ਸਬੂਤਾਂ ਸਮੇਤ ਪੇਸ਼ ਕੀਤੀ ਗਈ। ਡਾ. ਹਰਿੰਦਰ ਸਿੰਘ ਲੇ ਸ਼ਹੀਦ ਸਿੰਘਾਂ ਭਾਈ ਹਰਮਿੰਦਰ ਸਿੰਘ ਚਲੂਪੁਰ ਅਤੇ ਭਾਈ ਬਲਧੀਰ ਸਿੰਘ ਜੀ ਦੀਆਂ ਪੋਸਟ ਮਾਰਟਮ ਰਿਪੋਰਟਾਂ ਪੇਸ਼ ਕੀਤੀਆਂ, ਜਿਹਨਾਂ 'ਤੇ ਇਹਨਾਂ ਸਿੰਘਾਂ ਦੇ ਅਤੇ ਸਿੰਘਾਂ ਦੇ ਪਿਤਾ ਜੀ ਦੇ ਨਾਂ ਅੰਕਿਤ ਹਨ ਅਤੇ ਉਨ੍ਹਾਂ ਦੇ ਪਤੇ ਵੀ ਅੰਕਿਤ ਹਨ। ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਸਭਾ ਦੀ ਰਿਪੋਰਟ ਵੀ ਪੇਸ਼ ਕੀਤੀ ਗਈ, ਜਿਸ ਵਿਚ ਮੌਕੇ ਦੇ ਐਸ. ਡੀ. ਐਮ. ਨੇ ਮੰਨਿਆ ਹੈ ਕਿ 3 ਸ਼ਹੀਦ ਸਿੰਘਾਂ ਦੀ ਪਹਿਚਾਣ 4 ਫਰਵਰੀ ਦੀ ਸ਼ਾਮ ਨੂੰ ਹੋ ਗਈ ਸੀ। ਇਸ ਰਿਪੋਰਟ ਵਿਚ ਇਹ ਵੀ ਲਿਖਿਆ ਹੈ ਕਿ ਭਾਈ ਹਰਮਿੰਦਰ ਸਿੰਘ ਚਲੂਪੁਰ ਨੂੰ ਪੁਲਿਸ ਅਧਿਕਾਰੀਆਂ ਵੱਲੋ ਫੜ ਕੇ ਕਤਲ ਕੀਤਾ ਗਿਆ।

ਯਾਦ ਰਹੇ ਕਿ ਪੁਲਿਸ ਵੱਲੋਂ ਉਸ ਮੌਕੇ ਇਨ੍ਹਾਂ ਸਿੰਘਾਂ ਨੂੰ ਅਣਪਛਾਤੇ ਅਤੇ ਲਾਵਾਰਸ ਕਹਿ ਕੇ ਸਾੜ ਦਿੱਤਾ ਗਿਆ ਸੀ। ਡਾ. ਹਰਿੰਦਰ ਸਿੰਘ ਵੱਲੋਂ ਇਹ ਪੋਸਟ ਮਾਰਟਮ ਰਿਪੋਰਟਾਂ ਪੇਸ਼ ਕਰਕੇ ਇਹ ਸਬਤ ਕੀਤਾ ਕਿ ਪੁਲਿਸ ਨੇ ਇਨ੍ਹਾਂ ਸਿੰਘਾਂ ਦੀ ਪਛਾਣ ਨਾ ਹੋਣ ਬਾਰੇ ਝੂਠ ਬੋਲਿਆ। ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਪਿਤਾ ਜੀ ਉਸ ਸਮੇਂ ਮੌਕੇ 'ਤੇ ਹਾਜ਼ਰ ਸਨ ਅਤੇ ਉਨ੍ਹਾਂ ਵੱਲੋਂ ਆਪਣੇ ਪੁੱਤਰ ਦੀ ਪਹਿਚਾਣ ਕਰਕੇ ਪੁਲਿਸ ਤੋਂ ਆਪਣੇ ਪੁੱਤਰ ਦਾ ਮ੍ਰਿਤਕ ਸਰੀਰ ਲੈਣ ਲਈ ਮੰਗ ਕੀਤੀ ਸੀ, ਜੋ ਇਹ ਸਾਬਤ ਕਰਦਾ ਹੈ ਕਿ ਪੁਲਿਸ ਵੱਲੋਂ ਇਨ੍ਹਾਂ ਸਿੰਘਾਂ ਨੂੰ ਜਾਣ ਬੁੱਝ ਕੇ ਲਾਵਾਰਸ ਕਰਾਰ ਦਿੱਤਾ ਗਿਆ। ਡਾ. ਹਰਿੰਦਰ ਸਿੰਘ ਵੱਲੋਂ ਪੇਸ਼ ਕੀਤੀਆਂ ਚਾਰੇ ਪੋਸਟ ਮਾਰਟਮ ਰਿਪੋਰਟਾਂ ਵਿਚ ਲਿਖਿਆ ਹੈ ਕਿ ਪੁਲਿਸ ਵੱਲੋਂ ਤਿੰਨ ਸਿੰਘਾਂ ਦੀਆਂ ਛਾਤੀਆਂ ਵਿਚ ਗੋਲੀਆਂ ਮਾਰੀਆਂ ਸਨ ਅਤੇ ਇਕ ਸਿੰਘ ਦੇ ਮੂੰਹ ਵਿਚ ਗੋਲੀਆਂ ਮਾਰੀਆਂ ਸਨ।

ਇਸ ਸੈਮੀਨਾਰ ਦੇ ਦੂਸਰੇ ਬੁਲਾਰੇ ਡਾ. ਅਮਰਜੀਤ ਸਿੰਘ ਵੱਲੋਂ 1986 ਦੇ ਇਸ ਸਾਕੇ ਤੋਂ ਲੈ ਕੇ ਹੁਣ ਤੱਕ ਹੋਈਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਸਾਕਾ ਨਕੋਦਰ ਦੀ ਸਿੱਖ ਇਤਿਹਾਸ ਵਿਚ ਮਹੱਤਤਾ ਬਾਰੇ ਵੀ ਬਹੁਤ ਹੀ ਸਾਰਥਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਇਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਸ਼ਹੀਦ ਸਿੰਘਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਨਾ ਲਗਾਉਣ ਦੀ ਸਖਤ ਨਿਖੇਧੀ ਕੀਤੀ। ਇਸ ਮੌਕੇ ਇਕੱਤਰ ਸੰਗਤਾਂ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਇਨ੍ਹਾਂ ਸਿੰਘਾਂ ਦੀਆਂ ਤਸਵੀਰਾਂ ਬਿਨਾ ਕਿਸੇ ਦੇਰੀ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੀਆਂ ਜਾਣ।




ਦੂਜਾ ਸਮਾਗਮ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਇਆ, ਜਿੱਥੇ ਸੰਗਤਾਂ ਦੇ ਵੱਡੇ ਇਕੱਠ ਵਿਚ ਬੁਲਾਰਿਆਂ ਨੇ ਸ਼ਹੀਦਾਂ ਦੇ ਜੀਵਨ, ਪਰਿਵਾਰਾਂ ਦੇ ਸੰਘਰਸ਼ ਅਤੇ ਮੌਜੂਦਾ ਹਾਲਾਤ ਬਾਰੇ ਚਾਨਣਾ ਪਾਇਆ। ਗਿਆਨੀ ਗੁਰਭੇਜ ਸਿੰਘ ਨੇ ਕਥਾ ਰਾਹੀਂ ਆਪਣੇ ਵਿਚਾਰ ਸਰਵਣ ਕਰਵਾਏ ਅਤੇ ਵਾਸ਼ਿੰਗਟਨ ਡੀ. ਸੀ. ਤੋਂ ਉਚੇਚੇ ਪੁੱਜੇ ਡਾ. ਅਮਰਜੀਤ ਸਿੰਘ ਨੇ ਸਾਕਾ ਨਕੋਦਰ ਤੋਂ ਲੈ ਕੇ ਹੁਣ ਤੱਕ ਹੋਈ ਸਿੱਖਾਂ ਦੀ ਅਧੋਗਤੀ ਨੂੰ ਆਪਣੀ ਤਕਰੀਰ ਵਿਚ ਪੇਸ਼ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦੀਆਂ ਤਸਵੀਰਾਂ ਲੰਗਰ ਹਾਲ ਵਿਚ ਲਗਾਉਣ ਦੇ ਨਾਲ ਸ਼ਹੀਦ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਗਿਆ। ਸੰਗਤ ਵੱਲੋਂ ਸ਼ਹੀਦ ਪਰਿਵਾਰਾਂ ਨਾਲ ਬੇਹੱਦ ਅਪਣੱਤ ਦਾ ਇਜ਼ਹਾਰ ਕੀਤਾ ਗਿਆ ਅਤੇ ਸਿੰਘਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਪਰਿਵਾਰਾਂ ਦੇ ਹੌਸਲੇ ਦੀ ਦਾਦ ਦਿੱਤੀ।

# ਯੂਬਾ ਸਿਟੀ ਗੁਰੂਘਰ ਵਿੱਚ ਸਮਾਰਟ ਟਰਮੀਨਲ ਦੀ ਸ਼ੁਰੂਆਤ

**ਯੂਬਾ ਸਿਟੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਟੈਂਪਲ ਗੁਰਦਵਾਰਾ ਟਾਇਰਾ ਬੁਆਇਨਾ ਯੂਬਾ ਸਿਟੀ ਵਿੱਖੇ ਸਮੂਹ ਥਿਆੜਾ ਕੰਪਨੀ ਵੱਲੋਂ ਇਲੈਵੋਨ ਕੰਪਨੀ ਦੇ ਸਹਿਯੋਗ ਨਾਲ ਸਮੂਹ ਸੰਗਤ ਦੀ ਸਹੂਲਤ ਵਾਸਤੇ ਨਵਾਂ ਉਪਰਾਲਾ ਕੀਤਾ ਗਿਆ ਹੈ ਤੇ ਹੁਣ ਸੰਗਤਾਂ ਆਪਣੇ ਕਰੈਡਿੱਟ ਕਾਰਡ ਅਤੇ ਡੈਬਿੱਟ ਕਾਰਡ ਦੇ ਨਾਲ ਵੀ ਗੁਰੂਘਰ ਵਿੱਚ ਮਾਇਆ ਭੇਟ ਕਰ ਸਕਦੀਆਂ ਹਨ, ਕਾਰਡ ਭਾਵੇਂ ਕਿਸੇ ਵੀ ਕੰਪਨੀ ਜਾਂ ਬੈਂਕ ਦਾ ਹੋਵੇ। ਪ੍ਰਬੰਧਕਾਂ ਨੇ ਕਿਹਾ ਕਿ ਹੁਣ ਸੰਗਤ ਵਲੋਂ ਦਿੱਤੀ ਮਾਇਆ ਸਿੱਧੀ ਗੁਰਦਵਾਰੇ ਦੇ ਅਕਾਂਊਟ ਵਿੱਚ ਜਮਾ ਹੋ ਜਾਵੇਗੀ ਅਤੇ



ਸੰਗਤ ਨੂੰ ਰਸੀਦ ਵੀ ਉਸੇ ਵੇਲੇ ਦਿੱਤੀ ਜਾਵੇਗੀ।ਬੀਤੇ ਦਿਨ ਇਲੈਵੋਨ ਕੰਪਨੀ ਦੇ ਵਰਕਰ ਜੋ ਗਰੀਨ ਅਤੇ ਗੋਲਡਨ ਪੈਸਿਫੀਕ ਬੈਂਕ ਤੋਂ ਮਿਸ ਨੀਨਾ ਸਿੰਘ ਗੁਰੂਘਰ ਪਹੁੰਚੇ ਅਤੇ ਇਹ ਸਮਾਰਟ ਟਰਮਿਨਲ ਗੁਰੂਘਰ ਵਿੱਚ ਫਿੱਟ ਕੀਤਾ। ਇਸ ਮੌਕੇ ਗੁਰੂਘਰ ਦੇ ਸੈਕਟਰੀ ਸ: ਸਰਬਜੀਤ ਸਿੰਘ ਥਿਆੜਾ ਵੀ ਹਾਜਰ ਸਨ ਜਿੰਨ੍ਹਾਂ ਨੇ ਸੇਵਾ ਭੇਟ ਕਰਕੇ ਸਭ ਤੋਂ ਪਹਿਲਾਂ ਇਸ ਦੀ ਸ਼ੁਰਆਤ ਕੀਤੀ। ਸਿੱਖ ਟੈਂਪਲ ਗੁਰਦਵਾਰਾ ਟਾਇਰਾ ਬੁਆਇਨਾ ਯੂਬਾ ਸਿਟੀ ਵਿੱਚ ਨਵੀਂ ਕਮੇਟੀ ਆਉਣ ਤੋਂ ਬਾਅਦ ਗੁਰੁ ਘਰ ਲਈ ਆਉਣ ਵਾਲੇ ਫੰਡਾਂ ਲਈ ਪਾਰਦਰਸ਼ਤਾ ਲਿਆਉਣ ਲਈ ਕਈ ਤਰਾਂ ਦੇ ਉਪਰਾਲੇ ਕੀਤੇ ਗਏ ਹਨ।



ਸ੍ਰੀ ਭਾਰਤ ਭੂਸਨ ਤੇ ਸੁਮਨ ਬਾਲਾ ਵਾਸੀ ਧਰਮਪੁਰਾ ਬਟਾਲਾ ਨੂੰ 27ਵੀ ਵਰੇ ਗੰਢ ਦੀਆਂ ਬਹੁਤ ਬਹੁਤ ਮੁਬਾਰਕਾਂ।


33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ | ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ | ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।

ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ

website : www.amardawakhana.com email : amardawakhana@rediffmail.com



A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਕੰਮ ਚਲਾਊ ਕੇਂਦਰੀ ਬਜਟ ਕਿਵੇਂ ਕਰੇਗਾ ਆਰਥਿਕ ਸੁਧਾਰ



ਗੁਰਮੀਤ ਸਿੰਘ ਪਲਾਹੀ
91-98158-02070

**ਪਿਛਲੇ ਦੋ ਵਰ੍ਹੇ ਲਗਾਤਾਰ ਦੇਸ਼ ਦੇ ਕਿਸਾਨਾਂ ਦੀਆਂ ਫਸਲਾਂ ਸੋਕੇ ਨੇ ਮਾਰ ਲਈਆਂ, ਇਸ ਵੇਰ ਚੰਗੀ ਬਰਸਾਤ ਕਾਰਨ ਚੰਗੀ ਫਸਲ ਤੋਂ ਆਮਦਨ ਦੀ ਆਸ ਸੀ ਜੋ ਨੋਟਬੰਦੀ ਦੇ ਭੇਂਟ ਚੜ੍ਹ ਗਈ। ਉਪਰੋਂ ਬਜਟ ਨੇ ਤਾਂ ਕਿਸਾਨਾਂ ਦਾ ਸਾਹ ਹੀ ਕੱਢ ਸੁਟਿਆ ਹੈ। ਪੰਜ ਸਾਲਾਂ ਦੇ ਵਿਧਾਨ ਸਭਾ ਦੀਆਂ ਚੋਣਾਂ ਦੇ ਸਮੇਂ ਆਏ ਇਸ ਬਜਟ ਨੇ ਸੰਭਵ ਹੈ ਕਿ ਵਿੱਤ ਮੰਤਰੀ ਦੇ ਹੱਥ ਬੰਨ੍ਹ ਰੱਖੇ ਹੋਣ, ਮਗਰ ਉਨ੍ਹਾਂ ਨੇ ਆਰਥਿਕ ਮਾਮਲਿਆਂ ਦੇ ਵਿਭਾਗ ਅਤੇ ਨਵੀਂ ਯੋਜਨਾਵਾਂ ਦੇ ਨਾਮ ਉੱਤੇ ਜੋ 3000 ਕਰੋੜ ਰੁਪਏ ਰੱਖੇ ਹਨ, ਇਹ ਇਕ ਰਹੱਸ ਹੈ, ਕਿਉਂਕਿ ਇਹੋ ਜਿਹੀ ਰਾਸ਼ੀ ਆਮ ਤੌਰ 'ਤੇ ਬਜਟ ਵਿਚ ਨਹੀਂ ਰੱਖੀ ਜਾਂਦੀ।**

ਲਗਾਤਾਰ ਸੰਕਟ ਨਾਲ ਜੂਝ ਰਹੇ ਦੇਸ਼ ਦੇ 18 ਕਰੋੜ ਪੇਂਡੂ ਪਰਿਵਾਰਾਂ ਵਿੱਚੋਂ ਵੱਡੀ ਗਿਣਤੀ ਖੇਤੀ ਅਧਾਰਤ ਹਨ। ਪਰ ਮੌਜੂਦਾ ਬਜਟ ਨਾਲ ਕਿਸੇ ਪਰਿਵਾਰ ਨੂੰ ਕੋਈ ਲਾਭ ਮਿਲ ਸਕੇਗਾ ਇਹ ਕਹਿਣਾ ਬਹੁਤ ਹੀ ਮੁਸ਼ਕਲ ਹੈ। ਭਾਵੇਂ ਕਿ ਖੇਤੀ ਅਤੇ ਇਸ ਨਾਲ ਜੁੜੇ ਖੇਤਰਾਂ ਲਈ ਸਹੂਲਤਾਂ ਦੇਣ ਵਾਸਤੇ ਪਿਛਲੇ ਸਾਲ ਦੇ ਮੁਕਾਬਲੇ ਬਜਟ 'ਚ 24% ਦੀ ਬਜਟ ਰਾਸ਼ੀ 'ਚ ਵਾਧਾ ਕੀਤਾ ਗਿਆ ਹੈ। ਖੇਤੀ ਕਰਜ਼ਾ ਇਕ ਲੱਖ ਕਰੋੜ ਕਰ ਦਿੱਤਾ ਗਿਆ ਹੈ। ਪ੍ਰਾਇਮਰੀ ਖੇਤੀਬਾੜੀ ਸੁਸਾਇਟੀਆਂ ਨੂੰ ਨਾਬਾਰਡ ਰਾਹੀਂ ਪਹਿਲਾਂ ਨਾਲੋਂ ਜ਼ਿਆਦਾ ਸਹਾਇਤਾ ਮਿਲੇਗੀ। ਮਨਰੇਗਾ ਦੇ ਖਾਤੇ ਵਿਚ 48000 ਕਰੋੜ ਆਏ ਹਨ। ਫਸਲ ਬੀਮਾ ਅਤੇ ਜ਼ਮੀਨੀ ਸਿਹਤ ਕਾਰਡ ਨੂੰ ਸਰਕਾਰੀ ਸਹਾਇਤਾ ਵੀ ਮਿਲਦੀ ਰਹੇਗੀ। ਪਰ ਬਰੀਕੀ ਨਾਲ ਤੱਥਾਂ ਦੀ ਛਾਣਬੀਣ ਕੀਤਿਆਂ ਪਤਾ ਚੱਲਦਾ ਹੈ ਕਿ ਮਨਰੇਗਾ ਦੀ ਰਕਮ 'ਚ ਭਾਰੀ ਵਾਧਾ ਅਸਲ ਵਿਚ ਪਿਛਲੇ ਸਾਲ ਦੇ 47499 ਕਰੋੜ ਦੇ ਖਰਚ ਨਾਲੋਂ ਸਿਰਫ਼ 501 ਕਰੋੜ ਰੁਪਏ ਹੀ ਵੱਧ ਹੈ। ਸਾਲ 2002 ਤੋਂ ਲੈ ਕੇ ਹੁਣ ਤੱਕ ਉਤਪਾਦਨ ਦੇ ਲਈ ਮਿਲਣ ਵਾਲੀ ਕਰਜ਼ਾ ਰਾਸ਼ੀ ਵਧੀ ਹੈ ਪਰ ਨਿਵੇਸ਼ ਦੇ ਲਈ ਮਿਲਣ ਵਾਲੀ ਕਰਜ਼ਾ ਰਾਸ਼ੀ ਵਿਚ ਗਿਰਾਵਟ ਆਈ ਹੈ, ਸਿੱਟੇ ਵਜੋਂ ਇਹ ਕਰਜ਼ਾ ਨਿੱਜੀ ਉਪਭੋਗ ਲਈ ਵਰਤਣ ਵੱਲ ਮੁੜਿਆ ਹੈ। ਰਿਜ਼ਰਵ ਬੈਂਕ ਦੇ ਅੰਕੜੇ ਵੀ ਦੱਸਦੇ ਹਨ ਕਿ ਛੋਟੇ ਅਤੇ ਦਰਮਿਆਨੇ ਦਰਜੇ ਦੇ ਕਿਸਾਨਾਂ ਨੂੰ ਦਿੱਤਾ ਜਾਣ ਵਾਲਾ ਕਰਜ਼ਾ ਵੀ ਘਟਿਆ ਹੈ। ਕਰਜ਼ੇ ਨੂੰ ਆਮਦਨ ਵਿਚ ਬਦਲਣ ਦੀ ਰਣਨੀਤੀ ਦਾ ਨਾ ਹੋਣਾ ਵੀ ਇਕ ਵੱਡੀ ਅਸਫ਼ਲਤਾ ਹੈ। ਫਸਲ ਬੀਮਾ ਯੋਜਨਾ ਦਾ ਦਾਇਰਾ 40% ਵਧਾ ਦਿੱਤਾ ਗਿਆ ਹੈ, ਪਰ ਪਿਛਲੇ ਦੋ ਸਾਲਾਂ ਦੇ ਫਸਲਾਂ ਦੌਰਾਨ ਬੀਮਾ ਕਿਸ਼ਤ ਵਿਚ ਵਾਧਾ ਨਿਰਾਸ਼ ਕਰਦਾ ਹੈ। ਬੀਮਾ ਕਿਸ਼ਤ ਵੱਧਣ ਨਾਲ ਸਬਸਿਡੀ ਬਿੱਲ ਵਧਿਆ ਹੈ, ਜਿਸ ਨਾਲ ਫਾਇਦਾ ਕਿਸਾਨਾਂ ਨੂੰ ਨਹੀਂ ਬੀਮਾ ਕੰਪਨੀਆਂ ਨੂੰ ਹੋਇਆ ਹੈ। ਭਾਵੇਂ ਕਿ ਸਰਕਾਰ ਵੱਲੋਂ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੋ ਗੁਣਾਂ ਕਰਨ ਦੀ ਯੋਜਨਾ ਉਲੀਕੀ ਗਈ, ਜਿਸ ਵਾਸਤੇ ਬਜਟ ਵਿਚ ਕਿਸੇ 'ਅਸਲੀ ਯੋਜਨਾ' ਦਾ ਜ਼ਿਕਰ ਤੱਕ ਨਹੀਂ ਹੈ। ਕਿਸਾਨਾਂ ਦੀ ਆਮਦਨ 'ਚ ਕਮੀ ਉਨ੍ਹਾਂ ਦੀ ਜਾਨ ਦਾ ਖੋਅ ਬਣ ਰਹੀ ਹੈ ਅਤੇ 2016 ਵਿਚ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਵਿਚ 40% ਦਾ ਵਾਧਾ ਦਰਜ ਕੀਤਾ ਗਿਆ ਹੈ।

### ਵਿਸ਼ੇਸ਼ ਅਧਿਕਾਰਾਂ ਦੀ ਪ੍ਰਫੁੱਲਤਾ

ਇਸ ਬਜਟ ਵਿਚ ਲੋਕਾਂ ਨੂੰ ਅਚੰਭਿਤ ਕਰਨ ਵਾਲਾ ਕੁਝ ਵੀ ਦਿਖਾਈ ਨਹੀਂ ਦਿੰਦਾ। ਜਿਹੜੀ ਥੋੜ੍ਹੀ ਬਹੁਤ ਇਸ ਬਜਟ ਤੋਂ ਉਮੀਦ ਸੀ ਵੀ, ਉਹ ਕਾਹਲੀ ਨਾਲ ਲਾਗੂ ਕੀਤੀ ਨੋਟਬੰਦੀ ਨੇ ਖਤਮ ਕਰ ਦਿੱਤੀ ਹੈ, ਜਿਸ ਦੇ ਕਾਰਨ ਚਾਲੂ ਵਰ੍ਹੇ ਦੀ ਆਰਥਿਕ ਵਿਕਾਸ ਦਰ 0.5% ਘੱਟ ਜਾਏਗੀ। ਭਾਵੇਂ ਕਿ ਲੋੜ ਇਸ ਗੱਲ ਦੀ ਸੀ ਕਿ ਕਿਸਾਨਾਂ ਸਮੇਤ ਗਰੀਬ ਪਰਿਵਾਰਾਂ ਲਈ ਸਰਬਵਿਆਪੀ ਮੁੱਢਲੀ ਆਮਦਨ (ਯੂ.ਬੀ.ਆਈ. ਭਾਵ ਯੂਨੀਵਰਸਲ ਬੇਸਿਕ ਇਨਕਮ) ਦੇ ਰੂਪ ਵਿਚ ਯੋਗ ਪਰਿਵਾਰਾਂ ਸਮੇਤ ਸੀਮਾਂਤ ਕਿਸਾਨ ਪਰਿਵਾਰਾਂ ਨੂੰ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਨੂੰ ਮੁੜ ਤਰਤੀਬ ਕੇ ਕਿਸੇ ਸਕੀਮ ਦਾ ਪ੍ਰਾਵਧਾਨ ਕੀਤਾ ਜਾਂਦਾ, ਪਰ ਇਸ ਜਜਟ ਵਿਚ ਇਸ ਪ੍ਰਤੀ ਚੁੱਪੀ ਕਈ ਸਵਾਲ ਖੜ੍ਹੇ ਕਰਦੀ ਹੈ। ਪੀ.ਵੀ. ਨਰਸਿਮਹਾ ਰਾਓ ਵੱਲੋਂ ਸ਼ੁਰੂ ਕੀਤੇ ਆਰਥਿਕ ਉਦਾਰੀਕਰਨ ਦੇ ਦੌਰ ਵਿਚ ਬਜਟ ਵਿਚ ਸਰਕਾਰ ਦੇ ਜਿਸ ਵਿਸ਼ੇਸ਼ ਅਧਿਕਾਰ ਨੂੰ ਪ੍ਰਫੁਲਿਤ ਕੀਤਾ ਗਿਆ ਸੀ, ਜਿਸ ਅਨੁਸਾਰ ਕਿਸੇ ਇਕ ਪ੍ਰਤੀ ਉਦਾਰਤਾ ਦਿਖਾਈ ਜਾਂਦੀ ਸੀ ਅਤੇ ਦੂਜੇ ਨੂੰ ਦੰਡਿਤ ਕੀਤਾ ਜਾਂਦਾ ਹੈ। ਇਕ ਚੀਜ਼ ਦੇ ਮੁੱਲ ਘਟਾ ਦਿੱਤੇ ਜਾਂਦੇ ਸਨ, ਦੂਜੇ ਦੇ ਵਧਾ ਦਿੱਤੇ ਜਾਂਦੇ ਸਨ, ਇਹੀ ਰਵਾਇਤ ਇਸ ਬਜਟ ਵਿਚ ਵੀ ਜਾਰੀ ਹੈ, ਜਿਸ ਦੀ ਕੀਮਤ ਅੱਜ ਵੀ ਦੇਸ਼ ਬੁਰੀ ਤਰ੍ਹਾਂ ਚੁਕਾ ਰਿਹਾ ਹੈ। ਉਂਜ ਵੀ ਬਜਟ ਅੰਕੜਿਆਂ ਦਾ ਖੇਲ ਹੀ ਤਾਂ ਹੈ। ਕਹਿਣ ਨੂੰ ਤਾਂ ਰੇਲ ਬਜਟ ਨੂੰ ਆਮ ਬਜਟ ਵਿਚ ਸ਼ਾਮਲ ਕਰ ਦਿੱਤਾ ਗਿਆ ਹੈ ਅਤੇ ਪਰਿਵਰਣ ਉੱਤੇ ਕੁਲ ਖਰਚ 1,28,000 ਕਰੋੜ ਕਰ ਦਿੱਤਾ ਗਿਆ ਜੋ ਕਿ ਪਿਛਲੇ ਸਾਲ 21,000 ਕਰੋੜ ਸੀ।

ਪਰ ਇਸ ਬਜਟ ਕਿਉਂਕਿ ਇਸ ਸਾਲ ਰੇਲਵੇ ਪਰਿਵਹਨ 'ਚ ਸ਼ਾਮਲ ਹੈ, ਤੇ ਬਜਟ ਇਸ ਮੱਦ ਉੱਤੇ 30,000 ਕਰੋੜ ਘੱਟ ਹੈ, ਜਿਹੜਾ ਕਿਸੇ ਹੋਰ ਸਕੀਮ ਵਿਚ ਪਾ ਦਿੱਤਾ ਗਿਆ) ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਜ਼ਖ਼ਮਾਂ ਨੂੰ ਭਰਨ ਲਈ ਕਿਸੇ ਕੌੜੀ ਦਵਾਈ ਦੀ ਲੋੜ ਹੁੰਦੀ ਹੈ, ਬਜਟ ਵਿਚ ਮਿੱਠੀ ਗੋਲੀ ਤਾਂ ਦਿੱਸਦੀ ਹੈ, ਪਰ ਕੌੜੀ ਦਵਾਈ ਕਿਧਰੇ ਵੀ ਨਹੀਂ ਹੈ। ਵੈਸੇ ਵੀ ਬਜਟ ਦਾ ਵੱਡਾ ਹਿੱਸਾ ਤਾਂ ਪਹਿਲਾਂ ਤੋਂ ਤਹਿ ਮੁੱਦਿਆਂ ਉੱਤੇ ਖਰਚ ਹੋ ਜਾਂਦਾ ਹੈ। ਇਸ ਵਿਚ ਵਿਆਜ਼ ਦਾ ਭੁਗਤਾਨ, ਤਨਖਾਹਾਂ ਅਤੇ ਪੈਨਸ਼ਨਾਂ ਸ਼ਾਮਲ ਹਨ। ਇਹ ਤਿੰਨੇ ਮੱਦਾ ਬਜਟ ਦਾ 60% ਖਾ ਜਾਂਦੀਆਂ ਹਨ। ਬਜਟ ਦਾ 8 ਤੋਂ 15 ਫੀਸਦੀ ਸਬਸਿਡੀਆਂ ਦੀ ਭੇਂਟ ਚੜ੍ਹਦਾ ਹੈ। ਇਹ ਸਬਸਿਡੀ ਅੰਤਰ-ਰਾਸ਼ਟਰੀ ਬਾਜ਼ਾਰ ਵਿਚ ਕੱਚੇ ਤੇਲ ਦੀ ਕੀਮਤ ਉੱਤੇ ਨਿਰਭਰ ਹੈ। ਕੁਝ ਸਾਲ ਪਹਿਲਾਂ ਜਦੋਂ ਕੱਚੇ ਤੇਲ ਦੀ ਕੀਮਤ 100 ਡਾਲਰ ਪ੍ਰਤੀ ਬੈਰਲ ਸੀ, ਉਸ ਵੇਲੇ ਸਬਸਿਡੀ 1,30,000 ਕਰੋੜ ਸੀ। ਪਿਛਲੇ ਸਾਲ ਇਹ 27500 ਕਰੋੜ ਰਹਿ ਗਈ। ਇੰਜ ਕਰਕੇ ਬਜਟ ਦਾ 85% ਹਿੱਸਾ ਤਾਂ ਪਹਿਲਾਂ ਹੀ ਤਹਿ ਮੱਦਾ ਡਕਾਰ ਜਾਂਦੀਆਂ ਹਨ। ਆਮ ਬਜਟ ਤਾਂ ਸਿਰਫ਼ 15ਗ ਦਾ ਹੁੰਦਾ ਹੈ, ਜਿਸ ਵਿਚੋਂ ਵੀ ਲਚਕੀਲੇਪਨ ਦੀ ਕੋਈ ਗੁੰਜਾਇਸ਼ ਹੀ ਨਹੀਂ ਕਿਉਂਕਿ ਕਈ ਯੋਜਨਾਵਾਂ ਤਾਂ ਪਹਿਲਾਂ ਹੀ ਜਾਰੀ ਹੁੰਦੀਆਂ ਹਨ, ਜਿਨ੍ਹਾਂ ਨੂੰ ਲਾਗੂ ਹੀ ਰੱਖਣਾ ਹੁੰਦਾ ਹੈ।

### ਕੁਝ ਵੀ ਨਵਾਂ ਨਹੀਂ

ਬਜਟ ਉੱਤੇ ਪੰਛੀ ਝਾਤ ਮਾਰਦਿਆਂ ਵੇਖਿਆ ਜਾ ਸਕਦਾ ਹੈ ਕਿ ਸਰਕਾਰ ਵੱਲੋਂ ਨਿਵੇਸ਼ ਨੂੰ ਵਧਾਉਣ ਲਈ ਕੁਝ ਨਵਾਂ ਨਹੀਂ ਕੀਤਾ। ਸਰਕਾਰ ਨੇ ਸਕਿੱਲ ਟਰੇਨਿੰਗ ਦੀ ਗੱਲ ਤਾਂ ਕੀਤੀ ਹੈ, ਪਰ ਨੌਕਰੀਆਂ ਬਾਰੇ ਚੁੱਪੀ ਧਾਰੀ ਰੱਖੀ ਹੋਈ ਹੈ। ਮੇਕ-ਇਨ-ਇੰਡੀਆ ਨੂੰ ਤਾਂ ਸਰਕਾਰ ਭੁੱਲ ਹੀ ਗਈ ਹੈ। ਬਜਟ ਵਿਚ ਸਿਹਤ, ਸਿੱਖਿਆ ਲਈ ਕੋਈ ਖਾਸ ਵਾਧਾ ਨਹੀਂ ਕੀਤਾ ਗਿਆ ਜਦਕਿ ਕਾਰਪੋਰੇਟ ਜਗਤ ਨੂੰ 5% ਟੈਕਸ ਫਾਇਦਾ ਦਿੱਤਾ ਗਿਆ ਹੈ। ਜਦਕਿ ਸਰਕਾਰ ਦਾ ਘਾਟਾ 3.2% ਹੋਣ ਨਾਲ ਸਰਕਾਰ ਨੂੰ ਬਜ਼ਾਰ ਵਿਚੋਂ ਪੈਸਾ ਜੁਟਾਉਣਾ ਪਵੇਗਾ, ਜਿਸ ਨਾਲ ਮਹਿੰਗਾਈ ਵਧੇਗੀ।

ਬਜਟ ਵਿਚ ਕੁਝ ਇਹੋ ਜਿਹੀਆਂ ਯੋਜਨਾਵਾਂ ਹਨ ਜੋ ਸੁਨਣ ਵਿਚ ਕਾਫੀ ਵੱਡੀਆਂ ਲੱਗ ਰਹੀਆਂ ਹਨ, ਜਿਨ੍ਹਾਂ ਵਿਚ ਸਕਿੱਲ ਇੰਡੀਆ ਜਿਸ ਤਹਿ. 3.5 ਕਰੋੜ ਨੌਜਵਾਨਾਂ ਨੂੰ ਟਰੇਂਡ ਕਰਨਾ ਹੈ, ਹਾਊਸਿੰਗ ਜਿਸ ਲਈ 6043 ਕਰੋੜਾਂ ਰੱਖੇ ਗਏ ਹਨ, ਪੋਸ਼ਣ ਜਿਸ ਲਈ 20755 ਕਰੋੜ, ਡੇਅਰੀ ਵਿਕਾਸ ਲਈ 1694 ਕਰੋੜ, ਮੁਦਰਾ ਬੈਂਕ ਲਈ 1040 ਕਰੋੜ ਅਤੇ ਪ੍ਰਸੂਤ ਸਮੇਂ 45 ਲੱਖ ਔਰਤਾਂ ਨੂੰ 6000 ਰੁਪਏ ਪ੍ਰਤੀ ਦੇਣ ਲਈ 2700 ਕਰੋੜ ਰੱਖੇ ਗਏ ਹਨ। ਪਰ ਇਸ ਦਾ ਲਾਭ 100 ਲੋਕਾਂ ਵਿਚੋਂ ਸਿਰਫ਼ 25 ਨੂੰ ਹੀ ਹੋਣ ਵਾਲਾ ਹੈ ਕਿਉਂਕਿ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਲਈ ਟਾਰਗੈਟ ਪਹਿਲਾਂ ਹੀ ਵੱਡੇ ਹਨ। ਜਿਵੇਂ ਸਕਿੱਲ ਇੰਡੀਆ 'ਚ ਹੁਣ ਤੱਕ ਸਿਰਫ਼ 55 ਲੱਖ ਟਰੇਂਡ ਕੀਤੇ ਗੇ, ਸਕੀਮ 'ਚ ਮਿੱਥਿਆ ਟਾਰਗੈਟ ਪੂਰਾ ਕਰਨ ਲਈ 8 ਕਰੋੜ ਯੁਵਕਾਂ ਨੂੰ ਹਰ ਸਾਲ ਟਰੇਂਡ ਕਰਨਾ ਹੈ, ਪਰ ਇਸ ਸਾਲ ਟੀਚਾ 3.5 ਕਰੋੜ ਦਾ ਮਿੱਥਿਆ ਹੈ। ਦੁੱਧ ਕ੍ਰਾਂਤੀ ਲਈ ਲੋੜ 85000 ਕਰੋੜ ਦੀ ਹੈ, ਜਦਕਿ ਬਜਟ ਵਿਚ ਸਿਰਫ਼ 1634 ਕਰੋੜ ਰੱਖੇ ਗਏ ਹਨ। ਹਰ ਸਾਲ ਦੋ ਕਰੋੜ ਔਰਤਾਂ ਦੀ ਡਲਿਵਰੀ ਹੁੰਦੀ ਹੈ ਜਦਕਿ 6000 ਰੁਪਏ ਦੀ ਰਕਮ 45 ਲੱਖ ਔਰਤਾਂ ਨੂੰ ਹੀ ਮਿਲੇਗੀ।

ਮੋਦੀ ਸਰਕਾਰ ਦਾ ਇਹ ਤੀਜਾ ਬਜਟ ਹੈ। ਆਉਣ ਵਾਲੀਆਂ 5 ਰਾਜਾਂ ਦੀਆਂ ਚੋਣਾਂ ਨੂੰ ਦੇਖ ਕੇ ਉਮੀਦ ਕੀਤੀ ਜਾਂਦੀ ਸੀ ਕਿ ਕੇਂਦਰੀ ਬਜਟ ਵਿਚ ਪੇਂਡੂ ਭਾਰਤ ਦੀ ਚਮਕ ਨਜ਼ਰ ਆਏਗੀ। ਬਜਟ ਵਿਚ ਕਿਸੇ ਸਰਜੀਕਲ ਸਟਰਾਈਕ ਦਾ ਉਮੀਦ ਦਿਖਾਈ ਦੇ ਰਹੀ ਸੀ, ਪਰ ਕਿਸਾਨਾਂ ਖਾਸ ਕਰਕੇ ਪੇਂਡੂ ਗਰੀਬਾਂ ਨੂੰ ਤਾਂ ਇਸ ਵਿਚੋਂ ਨਿਰਾਸ਼ਾ ਹੀ ਹੱਥ ਲੱਗੀ ਹੈ। ਭਾਵੇਂ ਇਸ ਬਜਟ ਵਿਚ ਭਾਰਤੀ ਅਰਥ ਵਿਵਸਥਾ ਉੱਤੇ ਪਏ ਨੋਟਬੰਦੀ ਦੇ ਅਸਰ ਨੂੰ ਘੱਟ ਕਰਨ ਦੀ ਕੋਸ਼ਿਸ਼ ਸਾਫ਼ ਦਿਖਾਈ ਦਿੰਦੀ ਹੈ, ਜਿਸ ਦਾ ਵੱਡਾ ਅਸਰ ਕਿਸਾਨਾਂ, ਛੋਟੇ ਵਿਉਪਾਰੀਆਂ, ਬਜ਼ੁਰਗਾਂ ਅਤੇ ਔਰਤਾਂ ਉੱਤੇ ਪਿਆ ਹੈ। ਬਜਟ ਵਿਚ ਇਹ ਸੁਨੇਹਾ ਦੇਣ ਦਾ ਯਤਨ ਹੋਇਆ ਕਿ ਸਰਕਾਰ ਗਰੀਬਾਂ ਦੇ ਹਿੱਤਾਂ 'ਚ ਕੰਮ ਕਰ ਰਹੀ ਹੈ। ਪਰ ਅਸਲੀਅਤ ਕੁਝ ਹੋਰ ਹੀ ਹੈ।

### ਕੀ ਹੈ ਅਸਲੀਅਤ

ਪਿਛਲੇ ਦੋ ਵਰ੍ਹੇ ਲਗਾਤਾਰ ਦੇਸ਼ ਦੇ ਕਿਸਾਨਾਂ ਦੀਆਂ ਫਸਲਾਂ ਸੋਕੇ ਨੇ ਮਾਰ ਲਈਆਂ, ਇਸ ਵੇਰ ਚੰਗੀ ਬਰਸਾਤ ਕਾਰਨ ਚੰਗੀ ਫਸਲ ਤੋਂ ਆਮਦਨ ਦੀ ਆਸ ਸੀ ਜੋ ਨੋਟਬੰਦੀ ਦੇ ਭੇਂਟ ਚੜ੍ਹ ਗਈ। ਉਪਰੋਂ ਬਜਟ ਨੇ ਤਾਂ ਕਿਸਾਨਾਂ ਦਾ ਸਾਹ ਹੀ ਕੱਢ ਸੁਟਿਆ ਹੈ।

1- ਕਿਸਾਨਾਂ ਦੀ ਆਮਦਨ 5 ਸਾਲਾਂ 'ਚ ਦੁਗਣੀ ਕਰਨ ਦੇ ਵਾਅਦੇ ਨੂੰ ਪੂਰਾ ਕਰਨ ਲਈ 2017-18 ਦੇ ਬਜਟ ਵਿਚ ਵੀ ਕੋਈ ਸਕੀਮ ਨਹੀਂ ਲਿਆਂਦੀ ਗਈ।

2- ਕਿਸਾਨਾਂ ਨੂੰ ਕਰਜ਼ਾ ਦੇਣ ਦਾ ਜੋ ਵਾਅਦਾ ਕੀਤਾ ਗਿਆ ਅਤੇ ਜੋ ਸਾਲ 2016-17 ਵਿਚ 9.5 ਲੱਖ ਕਰੋੜ ਸੀ ਜੋ ਇਸ ਵਰ੍ਹੇ 10 ਲੱਖ ਕਰੋੜ ਕੀਤਾ ਗਿਆ, ਇਸ ਵਿਚ ਕੇਂਦਰ ਸਰਕਾਰ ਦਾ ਕੋਈ ਲੈਣਾ-ਦੇਣਾ ਨਹੀਂ, ਇਹ ਕਰਜ਼ਾ ਤਾਂ ਬੈਂਕਾਂ ਨੇ ਦੇਣਾ ਹੈ।

ਇਸ ਵਿਚ ਵੀ ਇਹ ਗੱਲ ਕਿਧਰੇ ਨਹੀਂ ਦਰਸਾਈ ਗਈ ਕਿ ਇਹ ਕਰਜ਼ਾ ਛੋਟੇ, ਸੀਮਾਂਤ ਕਿਸਾਨਾਂ ਤੱਕ ਕਿਵੇਂ ਪੁੱਜੇਗਾ ਜਦਕਿ ਉਹ ਕੁਲ ਕਿਸਾਨਾਂ ਦਾ 86% ਹਨ।

3- ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ 'ਚ 40% ਦੀ ਗੱਲ ਬਜਟ ਵਿਚ ਕੀਤੀ ਗਈ ਹੈ। 13240 ਕਰੋੜ ਰੁਪਏ 2016-17 ਵਿਚ ਬੀਮਾ ਕਿਸ਼ਤਾਂ ਦੇਣ ਲਈ ਸਰਕਾਰ ਨੇ ਬੀਮਾ ਕੰਪਨੀਆਂ ਨੂੰ ਦਿੱਤੇ, ਜਦਕਿ 2017-18 ਲਈ ਇਹ ਰਕਮ 9000 ਕਰੋੜ ਹੈ ਤਾਂ ਫਿਰ 40ਗ ਦਾ ਵਾਧਾ ਕਿਵੇਂ ਹੋਇਆ?

4- ਸਾਲ 2016-17 'ਚ ਕਿਸਾਨਾਂ ਦਾ ਵਿਆਜ਼ ਮੁਆਫ਼ ਕਰਨ ਲਈ 13,822 ਕਰੋੜ ਖਰਚੇ ਗਏ ਜਦਕਿ ਸਾਲ 2017-18 ਦੇ ਬਜਟ ਵਿਚ 15300 ਕਰੋੜ ਰੱਖੇ ਗਏ ਹਨ।

5- ਬੀਮਾ ਕੰਪਨੀਆਂ ਨੂੰ ਫਸਲ ਬੀਮਾ ਕਿਸ਼ਤ ਵਜੋਂ 13240 ਕਰੋੜ ਦੇ ਦਿੱਤੇ ਗਏ ਜਦਕਿ ਉਸ ਨਾਲ ਸਿਰਫ਼ 26.5% ਕਿਸਾਨ ਹੀ ਇਸ ਬੀਮਾ ਸਕੀਮ 'ਚ ਕਵਰ ਹੋਏ। ਇਹ ਸਾਰੀ ਰਕਮ ਬੀਮਾ ਕੰਪਨੀਆਂ ਦੇ ਪੇਟੇ ਲਈ, ਜਦਕਿ ਕਿਸਾਨਾਂ ਨੂੰ ਬੀਮਾ ਕੰਪਨੀਆਂ ਤੋਂ ਕੀ ਮਿਲਿਆ, ਇਸ ਦਾ ਕਿਧਰੇ ਵੀ ਜ਼ਿਕਰ ਨਹੀਂ।

6- ਸਿੰਚਾਈ ਲਈ 2016-17 ਵਿਚ 20,000 ਕਰੋੜ ਦਾ ਕਾਰਪਸ ਫੰਡ ਨਾਬਾਰਡ ਕੋਲ ਲੰਬੀਆਂ ਸਿੰਚਾਈ ਯੋਜਨਾਵਾਂ ਲਈ ਸੀ, ਜਿਸ ਵਿਚੋਂ ਕਿੰਨਾ ਖਰਚਿਆ, ਇਸ ਦਾ ਜ਼ਿਕਰ ਕੀਤੇ ਬਿਨਾਂ ਹੀ 2017-18 ਲਈ ਇਕ ਕਾਰਪਸ ਫੰਡ 40,000 ਕਰੋੜ ਰੁਪਏ ਕਰ ਦਿੱਤਾ ਗਿਆ, ਪਰ ਇਸ਼ ਦਾ ਕੋਈ ਜ਼ਿਕਰ ਨਹੀਂ ਕਿ ਇਸ ਵਿਚੋਂ ਕਿੰਨਾ ਖਰਚਿਆ ਜਾਵੇਗਾ ਅਤੇ ਕਿਹੜੀ ਸਿੰਚਾਈ ਸੁਵਿਧਾ ਦਿੱਤੀ ਜਾਵੇਗੀ।

ਮਿਸ਼ਨ ਅਨਤੋਦਿਆ ਅਧੀਨ ਇਕ ਕਰੋੜ ਲੋਕਾਂ ਨੂੰ ਪੱਕੇ ਘਰ ਬਨਾਉਣ ਦੀ ਯੋਜਨਾ ਉਲੀਕੀ ਗਈ। 50,000 ਗਰੀਬ ਪਿੰਡ ਪੰਚਾਇਤਾਂ ਦੀ ਗਰੀਬੀ ਖਤਮ ਕਰਨ ਦਾ ਇਸ ਮਿਸ਼ਨ 'ਚ ਪ੍ਰਾਵਾਧਾਨ ਕੀਤਾ ਗਿਆ, ਪਰ ਇਹ ਸਭ ਕੁਝ ਪਹਿਲਾਂ ਹੀ ਜਾਰੀ ਸਕੀਮਾਂ ਅਧੀਨ ਹੋਵੇਗਾ, ਕੋਈ ਪੈਸਾ ਟਕਾ ਨਹੀਂ ਮਿਲੇਗਾ।

ਬਜਟ 'ਚ ਮਨਰੇਗਾ ਲਈ ਰੱਖੇ ਗਏ 48000 ਕਰੋੜ ਰੁਪਏ, ਪਹਿਲੇ 2016-17 ਦੇ ਖਰਚੇ 47400 ਕਰੋੜ ਦੇ ਮਨਰੇਗਾ ਦੇ ਖਰਚੇ ਤੋਂ 501 ਕਰੋੜ ਹੀ ਵੱਧ ਹਨ, ਇਹ ਵੱਡਾ ਖਰਚਾ ਸਰਕਾਰ ਨੇ ਪਿਛਲੇ ਬਜਟ ਨਾਲੋਂ ਵੱਧ ਆਪਣੀ ਮਰਜ਼ੀ ਨਾਲ ਨਹੀਂ ਕੀਤਾ, ਸਗੋਂ ਭਾਰਤ ਦੀ ਸੁਪਰੀਮ ਕੋਰਟ ਨੇ ਸਵਾਰਾਜ ਅਭਿਆਨ ਕੇਸ ਅਧੀਨ ਸੋਕੇ ਕਾਰਨ ਪੈਦਾ ਹੋਏ ਹਾਲਾਤ ਕਾਰਨ ਖਰਚ ਕਰਨਾ ਪਿਆ ਜਦਕਿ ਰਾਜਾਂ ਨੇ 80000 ਕਰੋੜ ਰੁਪਏ ਦੀ ਮੰਗ ਕੀਤੀ ਸੀ।

ਪੰਜ ਸਾਲਾਂ ਦੇ ਵਿਧਾਨ ਸਭਾ ਦੀਆਂ ਚੋਣਾਂ ਦੇ ਸਮੇਂ ਆਏ ਇਸ ਬਜਟ ਨੇ ਸੰਭਵ ਹੈ ਕਿ ਵਿੱਤ ਮੰਤਰੀ ਦੇ ਹੱਥ ਬੰਨ੍ਹ ਰੱਖੇ ਹੋਣ, ਮਗਰ ਉਨ੍ਹਾਂ ਨੇ ਆਰਥਿਕ ਮਾਮਲਿਆਂ ਦੇ ਵਿਭਾਗ ਅਤੇ ਨਵੀਂ ਯੋਜਨਾਵਾਂ ਦੇ ਨਾਮ ਉੱਤੇ ਜੋ 3000 ਕਰੋੜ ਰੁਪਏ ਰੱਖੇ ਹਨ, ਇਹ ਇਕ ਰਹੱਸ ਹੈ, ਕਿਉਂਕਿ ਇਹੋ ਜਿਹੀ ਰਾਸ਼ੀ ਆਮ ਤੌਰ 'ਤੇ ਬਜਟ ਵਿਚ ਨਹੀਂ ਰੱਖੀ ਜਾਂਦੀ। ਕੀ ਇਹ ਰਾਸ਼ੀ ਯੂ.ਬੀ.ਆਈ. ਭਾਵ ਸਰਬ ਵਿਆਪੀ ਮੁੱਢਲੀ ਆਮਦਨ ਪਾਇਲਟ ਪ੍ਰਾਜੈਕਟ ਜਾਂ ਫਿਰ ਕਰਜ਼ਾ ਮਾਫ਼ੀ ਜਿਹੀ ਕਿਸੇ ਯੋਜਨਾ ਲਈ ਤਾਂ ਨਹੀਂ ਰੱਖੀ ਗਈ।

## ਜੱਜ ਨੂੰ ਜਾਤੀ ਸੂਚਕ ਸ਼ਬਦ ਕਹਿਣ ਤੇ ਦੋਸ਼ੀ ਨੂੰ ਪੰਜ ਸਾਲ ਦੀ ਕੈਦ

**ਦੇਸ਼ ਵਿਚ ਸੰਭਵ ਹੈ ਅਜਿਹਾ ਪਹਿਲਾ ਮਾਮਲਾ, ਜਿਸ ਵਿਚ ਦੋਸ਼ੀ ਨੂੰ ਅਜਿਹੇ ਮਾਮਲੇ ਵਿਚ ਪੰਜ ਸਾਲ ਦੀ ਕੈਦ ਹੋਈ ਹੋਵੇ**

**ਰਾਜਗੜ੍ਹ-** ਬੋਰਡ ਤੇ ਬੈਠੇ ਜੱਜ ਨੂੰ ਜਾਤੀ ਸੂਚਕ ਸ਼ਬਦ ਕਹਿਣ 'ਤੇ ਰਾਜਗੜ੍ਹ ਦੀ ਜ਼ਿਲ੍ਹਾ ਕੋਰਟ ਨੇ ਸਖਤ ਰੁਖ ਅਪਣਾਇਆ ਅਤੇ ਦੋਸ਼ੀ ਨੂੰ ਪੰਜ ਸਾਲ ਦੀ ਸਜ਼ਾ ਸੁਣਾ ਕੇ ਜੇਲ੍ਹ ਭੇਜ ਦਿੱਤਾ। ਅਜਾ-ਜਜਾ ਐਕਟ ਵਿਚ ਆਮ ਤੌਰ ਤੇ ਤਿੰਨ ਤੋਂ ਪੰਜ ਮਹੀਨੇ ਦੀ ਸਜ਼ਾ ਜਾਂ ਵੱਧ ਤੋਂ ਵੱਧ ਇਕ ਸਾਲ ਦੀ ਸਜ਼ਾ ਦਿੱਤੀ ਜਾਂਦੀ ਹੈ। ਦੇਸ਼ ਵਿਚ ਸੰਭਵ ਹੈ ਕਿ ਪਹਿਲੀ ਵਾਰ ਅਜਿਹੇ ਮਾਮਲੇ ਵਿਚ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਹੈ। ਕੋਰਟ ਨੇ ਸਖਤ ਟਿੱਪਣੀ ਕੀਤੀ ਕਿ ਬੋਰਡ 'ਤੇ ਬੈਠ ਕੇ ਨਿਆਂਇਕ ਕੰਮ ਕਰਦੇ ਵਕਤ ਜਾਤੀ ਸੂਚਕ ਸ਼ਬਦ ਕਹਿਣਾ ਨਾ ਕੇਵਲ ਅਪਰਾਧ ਹੈ ਬਲਕਿ ਬਦਕਿਸਮਤੀ ਵਾਲੀ ਗੱਲ ਵੀ ਹੈ।

ਇਹ ਫੈਸਲਾ ਰਾਜਗੜ੍ਹ ਜ਼ਿਲ੍ਹਾ ਕੋਰਟ ਵਿਚ ਵਿਸ਼ੇਸ਼ ਜੱਜ (ਅਜਾ-ਜਜਾ) ਰਾਜੇਸ਼ ਕੁਮਾਰ ਗੁਪਤਾ ਨੇ ਸੁਣਾਉਂਦੇ ਹੋਏ ਤਲਖ ਟਿੱਪਣੀ ਕੀਤੀ ਕਿ ਅਦਾਲਤ ਦੁਆਰਾ ਜਦੋਂ ਵੀ ਕਿਸੇ ਵਿਅਕਤੀ ਦੇ ਖਿਲਾਫ ਉਸਦੀ ਮਰਜ਼ੀ ਤੇ ਆਧਾਰਿਤ ਫੈਸਲਾ ਨਾ ਸੁਣਾਉਣ ਤੇ ਉਹ ਜੱਜ ਦੇ ਨਾਲ ਦੁਰਵਿਵਹਾਰ ਕਰਦਾ ਹੈ ਤਾਂ ਅਦਾਲਤ ਪ੍ਰਤੀ ਵਧਦੀ ਅਸਿ-ਹਣਸ਼ੀਲਤਾ ਚਿੰਤਾ ਵਾਲੀ ਗੱਲ ਹੈ। ਇਸੇ ਕਾਰਨ ਦੋਸ਼ੀ ਮਹਿੰਦਰ ਜਾਟ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣਾ ਜ਼ਰੂਰੀ ਹੈ। ਮਾਮਲਾ ਇਹ ਹੈ ਕਿ 27 ਅਪ੍ਰੈਲ 2015 ਨੂੰ ਰਾਜਗੜ੍ਹ ਜ਼ਿਲ੍ਹੇ ਦੀ ਨਰਸਿੰਘਗੜ ਕੋਰਟ ਵਿਚ ਹੋਈ। ਜਸਟਿਲ ਪਦਮਾ ਜਾਟਵ ਇਕ ਮਾਮਲੇ ਦੀ ਸੁਣਵਾਈ ਕਰ ਰਹੀ ਸੀ, ਉਦੋਂ ਗਵਾਹ ਨੇ ਉਹਨਾਂ ਨੂੰ ਜਾਤੀ ਸੂਚਕ ਸ਼ਬਦ ਕਹਿੰਦੇ ਹੋਏ ਦੁਰਵਿਵਹਾਰ ਕੀਤਾ ਸੀ। ਘਟਨਾ ਇਹ ਸੀ ਕਿ ਜੱਜ ਜਾਟਵ ਦੇ ਅਦਾਲਤ ਵਿਚ ਇਕ ਮਾਮਲੇ ਵਿਚ ਦੋਸ਼ੀ ਮਹਿੰਦਰ ਜਾਟ ਗਵਾਹੀ ਦੇਣ ਆਇਆ ਸੀ। ਵਕੀਲ ਨੇ ਉਸਨੂੰ ਕਿਹਾ ਕਿ ਅੱਜ ਮੁਲਜ਼ਿਮ ਨਹੀਂ ਆਏ ਹਨ, ਇਸ ਕਰਕੇ ਉਹ ਉਸਦੀ ਗਵਾਹੀ ਨਹੀਂ ਲੈ ਸਕੇਗਾ।

ਇਸ 'ਤੇ ਜੱਜ ਨੇ ਗਵਾਹ ਨੂੰ ਕਿਹਾ ਸੀ ਕਿ ਉਹ ਅਗਲੀ ਸੁਣਵਾਈ ਤੇ ਆ ਜਾਣ। ਇਸ ਤੇ ਦੋਸ਼ੀ ਗਵਾਹ ਨੇ ਜੱਜ ਜਾਟਵ ਨੂੰ ਉਹਨਾਂ ਦੀ ਜਾਤੀ ਦਾ ਨਾਂ ਲੈ ਕੇ ਭਰੀ ਅਦਾਲਤ ਵਿਚ ਅਪਮਾਨਿਤ ਕੀਤਾ ਸੀ। ਜੱਜ ਦੀ ਸ਼ਿਕਾਇਤ 'ਤੇ ਉਥੋਂ ਦੀ ਪੁਲਿਸ ਨੇ ਦੋਸ਼ੀ ਦੇ ਖਿਲਾਫ ਆਦਿਮ ਜਾਤੀ ਜਨਜਾਤੀ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰਕੇ ਵਿਸ਼ੇਸ਼ ਜੱਜ ਰਾਜੇਸ਼ ਕੁਮਾਰ ਗੁਪਤਾ ਦੀ ਅਦਾਲਤ ਵਿਚ ਚਲਾਨ ਪੇਸ਼ ਕੀਤਾ ਸੀ।

## ਦਲਿਤਾਂ ਨੂੰ ਉਹਨਾਂ ਦੇ ਐਡਰੈਸ ਤੇ ਨਹੀਂ ਪਹੁੰਚਾਈਆਂ ਜਾਂਦੀਆਂ ਚਿੱਠੀਆਂ: ਉਪ ਰਾਸ਼ਟਰਪਤੀ ਹਾਮਿਦ ਅਨਸਾਰੀ

**ਨਵੀਂ ਦਿੱਲੀ-** ਭਾਰਤ ਵਿਚ ਸਮਾਜਿਕ ਨਿਆਂ ਦੀ ਜ਼ਮੀਨੀ ਹਾਲਤ 'ਤੇ ਸਵਾਲ ਉਠਾਉਂਦੇ ਹੋਏ ਉਪ ਰਾਸ਼ਟਰਪਤੀ ਹਾਦਿਮ ਅੰਸਾਰੀ ਨੇ ਇਸਨੂੰ ਨਿਰਾਸ਼ਾਜਨਕ ਦੱਸਿਆ ਹੈ। ਉਹਨਾਂ ਨੇ ਕਿਹਾ ਕਿ 70 ਸਾਲ ਤੱਕ ਕਲਿਆਣਕਾਰੀ ਯੋਜਨਾਵਾਂ ਦੇ ਬਾਵਜੂਦ ਸਮਾਜਿਕ ਨਿਆਂ ਦੀ ਜ਼ਮੀਨੀ ਸਥਿਤੀ ਨਿਰਾਸ਼ਾਜਨਕ ਹੈ। ਉਹਨਾਂ ਕਿਹਾ ਕਿ ਅਸੀਂ ਬਰਾਬਰੀ ਵਾਲੀ ਪੌੜੀ ਤੇ ਕਿੱਥੇ ਖੜ੍ਹੇ ਹਾਂ?



70 ਸਾਲ ਤੱਕ ਵੱਖ ਵੱਖ ਕਲਿਆਣਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਤੋਂ ਬਾਅਦ ਇਹ ਸਵਾਲ ਸਾਡੇ ਲੋਕਤੰਤਰ ਦੇ ਨਾਗਰਿਕਾਂ ਨੂੰ ਸੱਤਾ ਨੂੰ ਜ਼ਰੂਰ ਪੁੱਛਣਾ ਚਾਹੀਦਾ ਹੈ। ਇਹ ਗੱਲ ਉਹਨਾਂ ਨੇ ਐਸੋਸੀਏਸ਼ਨ ਆਫ ਲਾਇਰਜ਼ ਦੇ ਨਾਰਵੇ ਰਾਸ਼ਟਰੀ ਸੰਮੇਲਨ ਦੇ ਉਦਘਾਟਨ 'ਤੇ ਭਾਸ਼ਣ ਦਿੰਦੇ ਕਹੀਆਂ। ਖੋਜ ਸੰਗਠਨ ਨਿਊ ਵਰਲਡ ਵੈਲਥ ਦੀ ਰਿਪੋਰਟ ਦਾ ਹਵਾਲਾ ਦਿੰਦੇ ਉਹਨਾਂ ਕਿਹਾ ਕਿ ਭਾਰਤ ਵਿਸ਼ਵ ਵਿਚ ਗੈਰ ਬਰਾਬਰੀ ਵਿਚ 12ਵਾਂ ਸਥਾਨ ਰੱਖਦਾ ਹੈ ਅਤੇ 45 ਫੀਸਦੀ ਧਨ ਕਰੋੜਪਤੀਆਂ ਦੇ ਕੋਲ ਹੈ। ਉਹਨਾਂ ਕਿਹਾ ਕਿ ਤੀਹ ਪ੍ਰਤੀਸ਼ਤ ਆਬਾਦੀ ਦੇ ਕੋਲ ਕੁੱਲ ਧਨ ਦਾ ਕੇਵਲ 1.4 ਫੀਸਦੀ ਹਿੱਸਾ ਹੀ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਅਨੁਸੂਚਿਤ ਜਾਤੀ ਅੱਤਿਆਚਾਰ ਨਿਵਾਰਣ ਤੇ ਇਕ ਰਿਪੋਰਟ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਜਾਤੀ ਆਧਾਰਿਤ ਹਿੰਸਾ ਹਾਲੇ ਵੀ ਜਾਰੀ ਹੈ ਅਤੇ ਹਰੇਕ 18 ਮਿੰਟ ਵਿਚ ਇਕ ਦਲਿਤ ਦੇ ਖਿਲਾਫ ਹਿੰਸਾ ਕੀਤੀ ਜਾਂਦੀ ਹੈ। ਅੰਕਡੇ ਇਹ ਵੀ ਦੱਸਦੇ ਹਨਕਿ 28 ਪ੍ਰਤੀਸ਼ਤ ਪਿੰਡਾਂ ਵਿਚ ਦਲਿਤਾਂ ਨੂੰ ਪੁਲਿਸ ਥਾਣੇ ਵਿਚ ਵੜਨ ਤੋਂ ਰੋਕ ਦਿੱਤਾ ਜਾਂਦਾ ਹੈ। ਉਥੇ ਹੀ 39 ਪ੍ਰਤੀਸ਼ਤ ਸਰਕਾਰੀ ਸਕੂਲਾਂ ਵਿਚ ਉਹਨਾਂ ਦੇ ਬੱਚਿਆਂ ਨੂੰ ਅਲੱਗ ਬੈਠਣ ਲਈ ਮਜਬੂਰ ਕੀਤਾ ਜਾਂਦਾ ਹੈ। ਨਾਲ ਹੀ 24 ਪ੍ਰਤੀਸ਼ਤ ਪਿੰਡਾਂ ਵਿਚ ਉਹਨਾਂ ਦੇ ਐਡਰੈਸਾਂ ਤੇ ਚਿੱਠੀਆਂ ਨਹੀਂ ਪਹੁੰਚਾਈਆਂ ਜਾਂਦੀਆਂ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop

ਸ੍ਰੀਮਤੀ ਸੁਦੇਸ਼ ਕੁਮਾਰੀ ਅਤੇ ਸ. ਜਰਨੈਲ ਸਿੰਘ ਸਾਬਕਾ ਸਰਪੰਚ ਅਤੇ ਲੰਬੜਦਾਰ, ਪਿੰਡ ਸਕਰੂਲੀ (ਹੁਸ਼ਿਆਰਪੁਰ) ਵਾਲੇ, ਸਮੂਹ ਪਰਿਵਾਰ ਅਤੇ ਹੋਰ ਸਾਥੀਆਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 640ਵੇਂ ਗੁਰਪੁਰਬ ਦਿਹਾੜੇ ਦੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।



ਸ੍ਰੀਮਤੀ ਸੁਦੇਸ਼ ਕੁਮਾਰੀ ਅਤੇ ਸ. ਜਰਨੈਲ ਸਿੰਘ ਸਾਬਕਾ ਸਰਪੰਚ ਅਤੇ ਲੰਬੜਦਾਰ ਸਕਰੂਲੀ (ਹੁਸ਼ਿਆਰਪੁਰ) ਅਤੇ ਸਮੂਹ ਪਰਿਵਾਰ ਵਾਈਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ, ਪਿਟਸਬਰਗ (ਕੈਲੇਫੋਰਨੀਆ)



ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

# ਦੇਬੋ ਬੈਂਸ

ਸਾਬਕਾ ਚੇਅਰਪਰਸਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ

# ਅਵਤਾਰ ਸਿੰਘ ਬੈਂਸ

ਸਾਬਕਾ ਕੈਸ਼ੀਅਰ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ

## ਅਤੇ ਸਮੂਹ ਬੈਂਸ ਪਰਿਵਾਰ



Avtar Singh Bains and his wife Deby Bains

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ।



ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



## ਸ੍ਰੀ ਰਮੇਸ਼ ਸੁਮਨ
## ਸ੍ਰੀਮਤੀ ਸੁਮਨ

ਸਾਬਕਾ ਪ੍ਰਧਾਨ
ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ)



ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

## ਜਗਤਾਰ ਸਿੰਘ ਭਾਟੀਆ
## ਨਿਰਮਲ ਸਿੰਘ ਭਾਟੀਆ
## ਅਤੇ
## ਸਮੂਹ ਭਾਟੀਆ ਪਰਿਵਾਰ



Jagtar Singh Bhatia with his wife Nirmal Singh Bhatia

# ਜਿਸ ਦਾ ਸਾਹਿਬੁ ਡਾਢਾ ਹੋਇ॥ ਤਿਸ ਕੋ ਮਾਰਿ ਨ ਸਾਕੈ ਕੋਇ॥


















ਤਸਵੀਰਾਂ ਅਤੇ ਰਿਪੋਰਟ- ਪੀ. ਕੇ. ਚੁੰਬਰ (ਦੇਸ਼ ਦੁਆਬਾ)



Kulwinder Kaur Bhatia with her husband Kuljit Singh Bhatia





**ਸੈਕਰਾਮੈਂਟੋ (ਡੀ. ਡੀ. ਬੀ.)**– ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਅਨਿਨ ਸੇਵਕ ਭਾਟੀਆ ਪਰਿਵਾਰ ਸਰਵਸ੍ਰੀ ਗੁਰਦਿਆਲ ਭਾਟੀਆ, ਜਗਤਾਰ ਭਾਟੀਆ, ਅਵਤਾਰ ਭਾਟੀਆ ਅਤੇ ਦਿਲਦਾਰ ਭਾਟੀਆ ਦੇ ਛੋਟੇ ਵੀਰ ਸ੍ਰੀ ਕੁਲਜੀਤ ਸਿੰਘ ਭਾਟੀਆ ਪਰਿਵਾਰ ਵੱਲੋਂ ਪਰਿਵਾਰ ਦੀ ਤੰਦਰੁਸਤੀ ਤੇ ਖੁਸ਼ਹਾਲੀ ਲਈ ਸ੍ਰੀ ਅਖੰਡ ਪਾਠ ਰਖਵਾਏ ਗਏ ਤੇ 5 ਫਰਵਰੀ ਦਿਨ ਐਤਵਾਰ ਨੂੰ ਭੋਗ ਪਾਏ ਗਏ।

ਪਰਿਵਾਰਕ ਸੂਤਰਾਂ ਮੁਤਾਬਕ ਪਿਛਲੇ ਦਿਨੀਂ ਸ੍ਰੀ ਕੁਲਜੀਤ ਸਿੰਘ ਭਾਟੀਆ ਜੀ ਬਿਮਾਰ ਹੋ ਗਏ ਤੇ ਉਨ੍ਹਾਂ ਨੂੰ ਆਈ. ਸੀ. ਯੂ. ’ਚ ਵੀ ਰਹਿਣਾ ਪਿਆ, ਜਿੱਥੋਂ ਉਹ ਠੀਕ ਹੋ ਕੇ ਆਪਣੇ ਪਰਿਵਾਰ ’ਚ ਪਹੁੰਚੇ ਤੇ ਮਿਸਿਜ਼ ਭਾਟੀਆ ਨੇ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਸੀ ਕਿ ਮੇਰੇ ਪਤੀ ਤੰਦਰੁਸਤ ਹੋ ਜਾਣ। ਸੋ ਵਾਹਿਗੁਰੂ ਨੇ ਉਨ੍ਹਾਂ ਦੀ ਬੇਨਤੀ ਕਬੂਲ ਕੀਤੀ। ਸੋ ਉਸ ਅਕਾਲ ਪੁਰਖ ਦੀ ਰਹਿਮਤ ਦਾ ਸ਼ੁਕਰਾਨਾ ਕਰਨ ਲਈ ਭਾਟੀਆ ਪਰਿਵਾਰ ਨੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕੀਤੀ।


ਇਸ ਮੌਕੇ ਲਿਵਰ ਮੋਰ ਤੋਂ ਭਾਈ ਜਸਵਿੰਦਰ ਸਿੰਘ ਜੀ ਦਾ ਜਥਾ, ਗੁਰੂ ਘਰ ਦਾ ਜਥਾ ਭਾਈ ਓਮਪਾਲ ਸਿੰਘ ਜੀ ਤੇ ਭਾਈ ਗੁਰਨਾਮ ਸਿੰਘ ਜੀ ਤੇ ਗਿਆਨੀ ਪ੍ਰਕਾਸ਼ ਸਿੰਘ ਜੀ ਤੋਂ ਇਲਾਵਾ ਭਾਈ ਸੁਖਦੇਵ ਸਿੰਘ ਜੀ, ਭਾਈ ਗੁਰਨਾਮ ਸਿੰਘ ਜੀ, ਬੀਬੀ ਸੁਰਿੰਦਰ ਕੌਰ ਭਾਟੀਆ ਅਤੇ ਬੀਬੀ ਕਮਲਜੀਤ ਕੌਰ ਭਾਟੀਆ ਤੇ ਬੀਬੀ ਸਤਿਨਾਮ ਕੌਰ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਅਭਿਸ਼ੇਕ ਨਾਰੇਬਟ (ਸਾਬਕਾ ਸਕੱਤਰ), ਸ੍ਰੀ ਵਿਨੋਦ ਕੁਮਾਰ ਮੌਜੂਦਾ ਸਕੱਤਰ ਅਤੇ ਸਾਬਕਾ ਸਕੱਤਰ ਐਡਵੋਕੇਟ ਸ੍ਰੀ ਬਲਜੀਤ ਸਿੰਘ ਜੀ ਨੇ ਵੀ ਦੋ-ਦੋ ਸ਼ਬਦਾਂ ਨਾਲ ਸਾਂਝ ਪਾਈ।

ਇਸ ਦੌਰਾਨ ਵੱਡੀ ਗਿਣਤੀ ’ਚ ਜੁੜ ਬੈਠੀ ਸੰਗਤ ’ਚ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਕੁਲਜੀਤ ਸਿੰਘ ਭਾਟੀਆ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਕੁਲਵਿੰਦਰ ਕੌਰ ਭਾਟੀਆ ਜੀ ਨੂੰ ਸਿਰੋਪਾਓ ਦੇ ਨਾਲ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਗਿਆਨੀ ਪ੍ਰਕਾਸ਼ ਸਿੰਘ ਜੀ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਦੇ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਜੀ ਨੇ ਸਨਮਾਨ ਕੀਤਾ। ਗਿਆਨੀ ਪ੍ਰਕਾਸ਼ ਸਿੰਘ ਜੀ ਨੇ ਇਸ ਸੁਭਾਗੀ ਜੋੜੇ ਤੇ ਪਰਿਵਾਰ ਦੀ ਸੁੱਖ ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ।

ਬੀਬੀ ਕੁਲਵਿੰਦਰ ਕੌਰ ਭਾਟੀਆ ਜੀ ਨੇ ਵੀ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਤੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ।

ਜਨਰਲ ਸਕੱਤਰ ਬੀਬੀ ਜ਼ੀਨਾ ਭਾਟੀਆ ਜੀ ਨੇ ਸਟੇਜ ਦਾ ਸੰਚਾਲਨ ਬਾਖੂਬੀ ਨਾਲ ਨਿਭਾਇਆ। ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਗੁਰਪੁਰਬ ਦਿਹਾੜਾ ਜੋ 12 ਫਰਵਰੀ (ਦਿਨ ਐਤਵਾਰ) ਨੂੰ ਮਨਾਇਆ ਜਾ ਰਿਹਾ ਹੈ, ਉਸ ਵਾਸਤੇ ਕਮੇਟੀ ਨੂੰ ਸਹਿਯੋਗ ਕਰਨ ਦੀ ਬੇਨਤੀ ਕੀਤੀ ਅਤੇ ਸਮੂਹ ਸੰਗਤ ਤਿੰਨੇ ਦਿਨ 10-11-12 ਫਰਵਰੀ ਨੂੰ ਗੁਰੂ ਘਰ ਹਾਜ਼ਰੀਆਂ ਲਵਾਉਣ ਲਈ, ਨਿਮਰਤਾ ਸਹਿਤ ਬੇਨਤੀ ਕੀਤੀ। ਇਸ ਉਪਰੰਤ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ।




## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥




**ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ**

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

# ਸ੍ਰੀ ਕਸ਼ਮੀਰੀ ਭਾਟੀਆ ਅਤੇ ਸਮੂਹ ਭਾਟੀਆ ਪਰਿਵਾਰ




**Kashimri Bhatia, President of Sri Guru Ravidass Sabha Pittsburg, California& his wife**





# ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥



ਮਿਸਿਜ਼ ਅਤੇ ਮਿਸਟਰ ਹਰਦਿਆਲ ਬੰਗਾ ਅਤੇ ਮਿਸਿਜ਼ ਅਤੇ ਮਿਸਟਰ ਮਹਿੰਦਰ ਬੰਗਾ ਪਰਿਵਾਰਾਂ ਵੱਲੋਂ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਬੰਗਾ ਪਰਿਵਾਰਾਂ ਵੱਲੋਂ ਦਿਲੀ ਹਾਰਦਿਕ ਲੱਖ-ਲੱਖ ਵਧਾਈ ਹੋਵੇ ਜੀ। ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



Mega Banga, Ajay Banga, Koran Banga, Kulwant Banga, Mohinder Banga, Hardi Banga





ਨਵੇਂ ਬਣੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਹਿਊਸਟਨ (ਟੈਕਸਸ) ਦੀ ਨਵੀਂ ਬਿਲਡਿੰਗਵਿਖੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼


ਨਵੇਂ ਬਣੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਹਿਊਸਟਨ (ਟੈਕਸਸ) ਦੀ ਨਵੀਂ ਬਿਲਡਿੰਗ ਦਾ ਅੰਦਰੂਨੀ ਦ੍ਰਿਸ਼


ਨਵੇਂ ਬਣੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਹਿਊਸਟਨ (ਟੈਕਸਸ) ਦੀ ਨਵੀਂ ਬਿਲਡਿੰਗ ਦਾ ਬਾਹਰੀ ਦ੍ਰਿਸ਼

ਨਵੇਂ ਬਣੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਹਿਊਸਟਨ (ਟੈਕਸਸ) ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 18 ਫਰਵਰੀ, 2017 ਦਿਨ ਸ਼ਨਿਚਰਵਾਰ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸੇ ਦਿਨ ਗੁਰੂ ਘਰ ਦੀ ਨਵੀਂ ਬਣੀ ਬਿਲਡਿੰਗ ਵੀ ਸੰਗਤਾਂ ਨੂੰ ਸਮਰਪਿਤ ਹੋਵੇਗੀ। ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਜਥੇ ਰਸਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜ਼ਰੀਆਂ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।


Left to right; Ajay Banga, Hardial Banga, Steve Banga, Kulwant Banga


# H & S CONSTRUCTION

GENERAL CONTRACTOR

**Hardi Banga**

420 Grangenlli AV Anticho CA, 94509
Ph 925-458-2196, Fax 925-261-1891
Cell 925-584-0727
Email: Banga_Hardi@yahoo.com

**ਐਸੀ ਲਾਲ ਤੁਝ ਬਿਨ ਕਾਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥**

ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ। ਆਓ ਆਪਾਂ ਸਾਰੇ ਮਿਲ ਕੇ ਇਕ ਝੰਡੇ ਥੱਲੇ ਇਕੱਲੇ ਹੋ ਕੇ ਸਤਿਗੁਰੂ ਰਵਿਦਾਸ ਜੀ ਦੇ ਦਰਸਾਏ ਮਾਰਗ ਬੇਗਮਪੁਰ ਵੱਲ ਵਧੀਏ।


ਐਡਵੋਕੇਟ ਬਲਜੀਤ ਸਿੰਘ ਆਪਣੀ ਧਰਮ ਪਤਨੀ ਨਾਲ



## ਉਘੇ ਸਮਾਜ ਸੇਵਕ
## ਐਡਵੋਕੇਟ ਬਲਜੀਤ ਸਿੰਘ
## ਅਤੇ ਸਮੂਹ ਪਰਿਵਾਰ



**ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥**

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

# ਸ੍ਰੀ ਸ਼ਿੰਦਰ ਪਾਲ ਨਾਰੇਬਟ
## ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ
## ਅਤੇ
# ਸਮੂਹ ਨਾਰੇਬਟ ਪਰਿਵਾਰ


ਸ੍ਰੀ ਸ਼ਿੰਦਰ ਪਾਲ ਨਾਰੇਬਟ ਆਪਣੀ ਧਰਮ ਪਤਨੀ ਨਾਲ

ੴ

**ਐਸੀ ਲਾਲ ਤੁਝ ਬਿਨੁ ਕਉਨ ਕਰੈ।।**
**ਗਰੀਬ ਨਿਵਾਜ ਗੁਸਾਈਆਂ ਮੇਰਾ ਮਾਥੈ ਛੱਤ੍ਰੁ ਧਰੈ।।**

# ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ



# ਪ੍ਰਕਾਸ਼ ਪੁਰਬ

## ਸਬੰਧੀ ਵਿਸ਼ੇਸ਼ ਸਮਾਗਮ

## ਸ੍ਰੀ ਗੁਰੂ ਰਵਿਦਾਸ ਟੈਂਪਲ, ਨਿਊਯਾਰਕ

## ਵਿਖੇ 31 ਜਨਵਰੀ 2017 ਤੋਂ 12 ਫਰਵਰੀ 2017

**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 540ਵੇਂ ਪ੍ਰਕਾਸ਼ ਪੁਰਬ ਦੀਆਂ ਸਮੁੱਚੀ ਮਾਨਵਤਾ ਨੂੰ ਲੱਖ-ਲੱਖ ਮੁਬਾਰਕਾਂ**

ਜਦੋਂ ਮਨੁੱਖਤਾ ਕੁਰਾਹੇ ਪੈ ਜਾਂਦੀ ਹੈ ਤਾਂ ਜ਼ਿੰਦਗੀ ਹਰ ਰਾਹ ਤੇ ਭਟਕਦੀ ਠੋਕਰਾਂ ਖਾਂਦੀ ਹੈ। ਫਿਰ ਪਰਮਾਤਮਾ ਦੀ ਕਿਰਪਾ ਸਦਕਾ ਇਕ ਰੱਬੀ ਰੂਹ ਇਸ ਸੰਸਾਰ ਅੰਦਰ ਪੈਦਾ ਹੁੰਦੀ ਹੈ। 14ਵੀਂ ਸਦੀ ਵਿਚ ਕਾਂਸ਼ੀ ਬਨਾਰਸ ਦੀ ਧਰਤੀ ਉਤੇ ਸਤਿਕਾਰਯੋਗ ਪਿਤਾ ਸੰਤੋਖ ਦਾਸ ਅਤੇ ਸਤਿਕਾਰਯੋਗ ਮਾਤਾ ਕਲਸਾ ਜੀ ਦੇ ਕੁੱਖੋਂ ਪ੍ਰਗਟ ਹੋਏ। ਜਿਹਨਾਂ ਨੂੰ ਅੱਜ ਸਮੁੱਚਾ ਸੰਸਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਯਾਦ ਕਰਦਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੁੱਖ ਤੋਂ ਉਚਾਰਣ ਹੋਈ ਰੱਬੀ ਬਾਣੀ 16 ਰਾਗਾਂ ਅਤੇ 40 ਸ਼ਬਦਾਂ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸਮੁੱਚੀ ਮਾਨਵਤਾ ਦੀ ਭਲਾਈ ਕਰਨ ਵਾਲੇ ਮਹਾਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ 10 ਫਰਵਰੀ 2017 ਨੂੰ ਆ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਆਫ ਆਫ ਨਿਊਯਾਰਕ ਆਪ ਸਮੁੱਚੀਆਂ ਸੰਗਤਾਂ ਦੇ ਸਹਿਯੋਗ ਨਾਲ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾ ਰਹੀ ਹੈ।



### ਗੁਰੂ ਪਿਆਰੀ ਸਾਧ ਸੰਗਤ ਜੀਓ,

ਆਪ ਜੀ ਨੂੰ ਬੜੇ ਹੀ ਆਦਰ ਅਤੇ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸੰਗਤਾਂ ਦੀ ਪੁਰਜ਼ੋਰ ਮੰਗ ਤੇ ਗੁਰੂ ਘਰ ਦੀ ਸੁੰਦਰ ਬਿਲਡਿੰਗ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਸੋ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੀ ਨੇਕ ਕਮਾਈ ਵਿਚੋਂ ਦਸਵੰਦ ਕੱਢ ਕੇ ਗੁਰੂ ਘਰ ਦੀ ਹੋ ਰਹੀ ਉਸਾਰੀ ਵਿਚ ਤਨ ਮਨ ਧਨ ਨਾਲ ਸਹਿਯੋਗ ਦਿਓ ਜੀ ਤਾਂ ਜੋ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿੱਖ ਉਪਰੋਕਤ ਮਾਡਲ ਵਾਂਗ ਦਿੱਤੀ ਜਾ ਸਕੇ ਜੀ। ਆਪ ਜੀ ਦੇ ਬਹੁਤ ਬਹੁਤ ਧੰਨਵਾਦੀ ਹੋਵਾਂਗੇ।

**31 ਜਨਵਰੀ 2017, ਮੰਗਲਵਾਰ** (11 ਅਖੰਡ ਪਾਠਾਂ ਦੀ ਲੜੀ ਦਾ ਆਰੰਭ ਹੋ ਰਿਹਾ ਹੈ)
**9 ਫਰਵਰੀ 2017, ਵੀਰਵਾਰ** (ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ। ਰਾਤ ਪੂਰੇ 12 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ।
**12 ਫਰਵਰੀ 2017, ਐਤਵਾਰ** ਦਾ ਮੁੱਖ ਦੀਵਾਨ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਸਜੇਗਾ

**ਨਿਸ਼ਾਨ ਸਾਹਿਬ ਦੀ ਸੇਵਾ 12 ਫਰਵਰੀ 2017 ਦਿਨ ਐਤਵਾਰ ਨੂੰ ਸਵੇਰੇ 9 ਵਜੇ**

### ਪਹੁੰਚ ਰਹੇ ਪੰਥ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ ਅਤੇ ਕਥਾਵਾਚਕ

ਰਾਗੀ ਕੁਲਦੀਪ ਸਿੰਘ ਯੂ. ਕੇ., ਰਾਗੀ ਤਜਿੰਦਰ ਸਿੰਘ ਨਿਊਜਰਸੀ, ਰਾਗੀ ਹਰਿੰਦਰ ਸਿੰਘ ਫੱਕਰ (ਬਾਲੀਵੁੱਡ), ਰਾਗੀ ਖੇਮ ਸਿੰਘ ਜਲੰਧਰ ਵਾਲੇ, ਹੈਡ ਗ੍ਰੰਥੀ ਬਾਬਾ ਬ੍ਰਹਮ ਦਾਸ, ਰਾਗੀ ਮਹਿੰਦਰ ਸਿੰਘ ਸਾਗਰ, ਰਮਤਾ ਨੀਲਾ ਦੀਪਾ, ਮਿਊਜ਼ੀਕਲ ਗਰੁੱਪ।



ਪਹੁੰਚ ਰਹੇ ਕਲਾਕਾਰ
ਦਿਲਜਾਨ (ਪੰਜਾਬ ਕਲਾਕਾਰ)

### ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ ਗੁਰੂ ਪਿਆਰੀ ਸਾਧ ਸੰਗਤ ਜੀਓ,

11 ਅਖੰਡ ਪਾਠਾਂ ਦੀ ਲੜੀ ਨੂੰ ਜਾਰੀ ਰੱਖਦੇ ਹੋਏ ਇਸ ਵਾਰ ਵੀ ਗੁਰੂ ਘਰ ਵਿਖੇ 31 ਜਨਵਰੀ 2017 ਤੋਂ 11 ਅਖੰਡ ਪਾਠਾਂ ਦੀ ਲੜੀ ਸ਼ੁਰੂ ਹੋ ਕੇ 12 ਫਰਵਰੀ ਨੂੰ ਸਮਾਪਤ ਹੋਵੇਗੀ। 9 ਫਰਵਰੀ ਦਿਨ ਵੀਰਵਾਰ ਨੂੰ ਰਾਤ ਦਾ ਦੀਵਾਨ 1 ਵਜੇ ਤੱਕ ਚੱਲੇਗਾ। ਰਾਤ 12 ਵਜੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। 12 ਫਰਵਰੀ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 9 ਵਜੇ ਹੋਵੇਗੀ। 31 ਜਨਵਰੀ ਤੋਂ11 ਫਰਵਰੀ ਤੱਕ ਰਾਤ ਦੇ ਦੀਵਾਨ ਰਾਤੀ 7 ਵਜੇ ਤੋਂ 9 ਵਜੇ ਤੱਕ ਹੋਣਗੇ।12 ਫਰਵਰੀ ਦਿਨ ਐਤਵਾਰ ਦਾ ਮੁੱਖ ਦੀਵਾਨ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਹੋਵੇਗਾ, ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ, ਢਾਡੀ ਜਥੇ, ਕਥਾਵਾਚਕ ਅਤੇ ਮਿਸ਼ਨਰੀ ਗਾਇਕ ਸੰਗਤ ਨੂੰ ਗੁਰਬਾਣੀ ਨਾਲ ਜੋੜਨਗੇ।



ਰਾਗੀ ਕੁਲਦੀਪ ਸਿੰਘ ਯੂ.ਕੇ.



ਰਾਗੀ ਤਜਿੰਦਰ ਸਿੰਘ ਨਿਊ ਜਰਸੀ



ਰਾਗੀ ਮਹਿੰਦਰ ਸਿੰਘ ਸਾਗਰ



ਰਾਗੀ ਖੇਮ ਸਿੰਘ ਜਲੰਧਰ ਵਾਲੇ



ਰਾਗੀ ਹਰਿੰਦਰ ਸਿੰਘ ਫੱਕਰ (ਬਾਲੀਵੁੱਡ)



ਬਾਬਾ ਬ੍ਰਹਮ ਦਾਸ ਹੈਡ ਗ੍ਰੰਥੀ

**ਗੁਰੂ ਘਰ ਦੇ ਮਹਾਨ ਦੀਵਾਨਾਂ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਦੇਸ਼-ਵਿਦੇਸ਼ ਵਿਚ ਬੈਠੀਆਂ ਸੰਗਤਾਂ ਤੱਕ ਵੀ ਪਹੁੰਚਾਇਆ ਜਾਵੇਗਾ। ਸਾਰੇ ਪ੍ਰੋਗਰਾਮ ਵਿਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ**

## ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਟਰੱਸਟ ਕਮੇਟੀ

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ 718-898-8150, ਫੈਕਸ: 718-898-0932**

| ਮੁੱਖ ਸੇਵਾਦਾਰ: ਅਸ਼ੋਕ ਮਾਹੀ | ਚੇਅਰਮੈਨ: ਬਲਵੀਰ ਚੌਹਾਨ | ਜਨਰਲ ਸਕੱਤਰ: ਖੁਸ਼ੀਆ ਰਾਮ | ਕੈਸ਼ੀਅਰ : ਸਰਬਜੀਤ ਸਿੰਘ |
|---|---|---|---|
| 917-225-0888 | 646-642-9243 | 1 (347) 447-8624 | 347-449-9820 |

**ਸ੍ਰੀ ਗੁਰੂ ਰਵਿਦਾਸ ਟੈਂਪਲ, ਨਿਊਯਾਰਕ**
**61-01 Broadway, Woodside NY 11377**

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets




INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS




ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਮਨੂੰਵਾਦ ਤੋਂ ਮੁਕਤੀ ਚਾਹੁਣ ਵਾਲ਼ੇ ਗੁਰੂ ਰਵਿਦਾਸ ਜੀ



ਦਰਸ਼ਨ ਸਿੰਘ ਬਾਜਵਾ
(91-98783-83053)

ਸਤਿਗੁਰੂ ਰਵਿਦਾਸ ਜੀ ਮਹਾਰਾਜ ਜਿੰਨ੍ਹਾਂ ਨੂੰ ਆਮ ਪ੍ਰਚੱਲਤ ਸ਼ਬਦਾਂ ਵਿੱਚ ਭਗਤ ਰਵਿਦਾਸ ਕਹਿ ਕੇ ਸੱਦਿਆ ਜਾਂਦਾ ਰਿਹਾ ਹੈ ਸਿਰਫ਼ ਪ੍ਰਮਾਤਮਾ ਦੀ ਭਗਤੀ ਕਰਨ ਵਾਲੇ ਭਗਤ ਹੀ ਨਹੀਂ ਸਨ ਬਲਕਿ ਦਲਿਤ ਵਰਗ ਦੀ ਮੁਕਤੀ ਲਈ ਲੜੇ ਜਾਂਦੇ ਸੰਘਰਸ਼ ਦਾ ਮਾਰਗ ਦਰਸ਼ਨ ਕਰਨ ਵਾਲੇ ਇੱਕ ਕ੍ਰਾਂਤੀਕਾਰੀ ਯੋਧਾ ਹੋਏ ਹਨ। ਉਹ ਸਵੈਰਾਜ ਦੀ ਤਮੰਨਾ ਰੱਖਣ ਵਾਲੇ ਮਹਾਂਪੁਰਸ਼ ਹਨ। ਭਾਰਤ ਦੀ ਜਨਤਾ ਨੂੰ ਬ੍ਰਾਹਮਣ ਦੀ ਪੈਦਾ ਕੀਤੀ ਸਮਾਜਿਕ ਗੁਲਾਮੀ ਦੇ ਜੂਲੇ ਨੂੰ ਵਗਾਹ ਮਾਰਨ ਦੀ ਪ੍ਰੇਰਨਾ ਦੇਣ ਵਾਲੇ ਉਹਨਾਂ ਦੇ ਅਨੇਕਾਂ ਸ਼ਬਦ ਇਸ ਦਾ ਸਬੂਤ ਹਨ। ਪਰ ਪ੍ਰਚੱਲਤ ਧਾਰਮਿਕ ਪੁਸਤਕਾਂ ਨੇ ਇਸ ਧਾਰਨਾ ਵੱਲ ਹੀ ਜ਼ਿਆਦਾ ਜ਼ੋਰ ਲਗਾ ਰੱਖਿਆ ਹੈ ਕਿ ਉਹ ਰੱਬ ਦੇ ਭਗਤ ਸਨ ਤੇ ਸੰਸਾਰਕ ਲੋਭ ਲਾਲਚਾਂ ਤੋਂ ਰਹਿਤ ਇੱਕ ਤਿਆਗੀ ਵਿਅਕਤੀ ਸਨ। ਇਹਨਾਂ ਧਾਰਮਿਕ ਪੁਸਤਕਾਂ ਨੂੰ ਪੜ੍ਹ ਕੇ ਕਥਾਵਾਂ ਕਰਨ ਵਾਲੇ ਜ਼ਿਆਦਾਤਰ ਸੰਤ ਵੀ ਇਹੋ ਹੀ ਰਾਗ ਅਲਾਪਦੇ ਰਹਿੰਦੇ ਹਨ। ਜਦੋਂ ਇੱਕ ਸਤਸੰਗ ਵਿੱਚ ਮੈਨੂੰ ਬੋਲਣ ਦਾ ਮੌਕਾ ਮਿਲਿਆ ਤਾਂ ਮੈਂ ਉਹਨਾਂ ਦੇ ਸ਼ਬਦਾਂ ਦੇ ਅਧਾਰ 'ਤੇ ਆਖ ਦਿੱਤਾ ਕਿ ਗੁਰੂ ਰਵਿਦਾਸ ਜੀ ਬ੍ਰਾਹਮਣਵਾਦ ਦੇ ਵਿਰੋਧੀ ਸਨ। ਇਸ ਸਮੇਂ ਇੱਕ ਸੰਤ ਨੇ ਆਪਣਾ ਸਾਰਾ ਜ਼ੋਰ ਮੇਰੀਆਂ ਗੱਲਾਂ ਦੇ ਉਲਟ ਹੀ ਲਗਾ ਦਿੱਤਾ। ਉਸਦਾ ਕਹਿਣਾ ਸੀ ਕਿ ਸਾਨੂੰ ਕਿਸੇ ਨੂੰ ਮਾੜਾ ਨਹੀਂ ਕਹਿਣਾ ਚਾਹੀਦਾ।

ਬ੍ਰਾਹਮਣੀ ਵਿਚਾਰਧਾਰਾ ਹੈ ਹੀ ਐਸੀ ਕਿ ਇਸ ਦਾ ਪਸਾਰਾ ਕਰਨ ਵਾਲਾ ਕੋਈ ਵਿਅਕਤੀ ਚਾਹੇ ਕਿਸੇ ਫਿਰਕੇ ਨਾਲ ਸਬੰਧਤ ਹੋਵੇ ਉਸਨੂੰ ਬੈਠੇ ਬਿਠਾਏ ਹੀ ਸਭ ਕੁੱਝ ਮਿਲਣ ਲੱਗਦਾ ਹੈ। ਜੇਕਰ ਹਿੰਦੂ ਧਰਮ ਗ੍ਰੰਥਾਂ ਨੇ ਸਵਰਨ ਜਾਤੀਆਂ ਨੂੰ ਸਭ ਅਧਿਕਾਰ ਦੇਣ ਤੋਂ ਇਲਾਵਾ ਬ੍ਰਾਹਮਣ ਨੂੰ ਬਿਨਾਂ ਗੁਣ ਤੋਂ ਵੀ ਪੂਜਣ ਯੋਗ ਬਣਾਇਆ ਤਾਂ ਬ੍ਰਾਹਮਣ ਦੀ ਨਜ਼ਰ ਵਿੱਚ ਮੂਰਖ ਮੰਨਿਆ ਜਾਣ ਵਾਲਾ ਸੂਦਰ/ਅਛੂਤ ਵੀ ਅੱਜ ਸਮਾਜਿਕ ਤੇ ਧਾਰਮਿਕ ਖੇਤਰ ਵਿੱਚ ਸਤਿਕਾਰ ਯੋਗ ਬਣ ਰਿਹਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਬ੍ਰਾਹਮਣ ਦੀ ਵਿਚਾਰਧਾਰਾ ਬਦਲ ਗਈ ਬਲਕਿ ਇਸ ਦਾ ਸਿਹਰਾ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਜਾਂਦਾ ਹੈ। ਜੇਕਰ ਸੰਵਿਧਾਨ ਨਾ ਹੁੰਦਾ ਤਾਂ ਕਿਸੇ ਅਛੂਤ/ਸ਼ੂਦਰ ਨੂੰ ਸੰਤ ਬਣ ਕੇ ਬੈਠਣ ਦਾ ਮੌਕਾ ਕਦੇ ਨਾ ਮਿਲ਼ ਸਕਦਾ। ਜੇਕਰ ਕੋਈ ਅਜਿਹਾ ਕਰਨ ਦੀ ਹਿੰਮਤ ਕਰਦਾ ਤਾਂ ਉਸਦਾ ਹਾਲ ਸ਼ੰਭੂਕ ਰਿਸ਼ੀ ਵਰਗਾ ਹੁੰਦਾ। ਬ੍ਰਾਹਮਣ ਦੀ ਨਜ਼ਰ ਵਿੱਚ ਅਛੂਤ/ਸ਼ੂਦਰ ਦੀ ਕੀ ਅਹਿਮੀਅਤ ਹੈ ਇਸ ਦਾ ਅੰਦਾਜ਼ਾ ਬ੍ਰਾਹਮਣ ਕਵੀ ਤੁਲਸੀ ਦਾਸ ਦੀ ਰਚਿਤ ਪੁਸਤਕ 'ਰਾਮ ਚਰਿਤ ਮਾਨਸ' ਵਿੱਚੋਂ ਲਾਇਆ ਜਾ ਸਕਦਾ ਹੈ ਜੋ ਬ੍ਰਾਹਮਣ ਦੀ ਉੱਚਤਾ 'ਤੇ ਮੋਹਰ ਲਾਉਂਦਿਆਂ ਕਹਿੰਦਾ ਹੈ :-

ਪੂਜੀਏ ਬਿਪਰ ਗਿਆਨ ਗੁਣ ਹੀਨਾ॥
ਸ਼ੂਦਰ ਨਾ ਗੁਣ ਗਿਆਨ ਪਰਵੀਨਾ॥

ਬ੍ਰਾਹਮਣ ਕਵੀ ਤੁਲਸੀ ਦਾਸ ਇਸ ਸ਼ਬਦ ਰਾਹੀਂ ਲੋਕਾਂ ਨੂੰ ਸੰਦੇਸ਼ ਦਿੰਦਾ ਹੈ ਕਿ ਬ੍ਰਾਹਮਣ ਭਾਵੇਂ ਅਕਲੋਂ ਹੀਣਾ ਵੀ ਹੋਵੇ ਤਾਂ ਵੀ ਉਹ ਸਤਿਕਾਰ ਯੋਗ ਹੈ ਅਤੇ ਸ਼ੂਦਰ ਭਾਵੇਂ ਕਿੰਨਾ ਵੀ ਗੁਣੀ ਗਿਆਨੀ ਹੀ ਕਿਉਂ ਨਾ ਹੋਵੇ ਉਹ ਸਤਿਕਾਰ ਦੇ ਕਾਬਲ ਨਹੀਂ। ਉਸਨੂੰ ਇਹ ਸਭ ਇਸ ਲਈ ਕਹਿਣਾ ਪਿਆ ਕਿਉਂਕਿ ਗੁਰੂ ਰਵਿਦਾਸ ਜੀ ਇਸ ਤੋਂ ਪਹਿਲਾਂ ਹੀ ਆਪਣੀ ਬਾਣੀ ਵਿੱਚ ਲਿਖਦੇ ਹਨ :-

ਰਵਿਦਾਸ ਬ੍ਰਾਹਮਨ ਮਤਿ ਪੂਜਿਯੇ ਜੋ ਹੋਵੈ ਗੁਨਹੀਨ॥
ਪੂਜਿਹਿਂ ਚਰਨ ਚੰਡਾਲ ਕੇ ਜਉ ਹੋਵੈ ਗੁਨ ਪਰਬੀਨ॥
ਅੰਮ੍ਰਿਤ ਬਾਣੀ ਪੰਨਾ 165

ਗੁਰੂ ਜੀ ਦੀ ਵਿਚਾਰਧਾਰਾ ਨੂੰ ਦਬਾ ਕੇ ਆਪਣੇ ਵਿਚਾਰ ਨੂੰ ਦੁਬਾਰਾ ਫੈਲਾਉਣ ਲਈ ਉਸਨੂੰ ਇਸ ਸ਼ਬਦ ਦੀ ਰਚਨਾ ਕਰਨੀ ਪਈ। ਦੇਸ਼ ਵਿੱਚ ਤੁਲਸੀ ਰਮਾਇਣ ਦਾ ਇੰਨਾ ਜ਼ਿਆਦਾ ਪ੍ਰਚਾਰ ਹੋਇਆ ਕਿ ਅੱਜ ਵੀ ਧਾਰਮਿਕ ਖੇਤਰ ਵਿੱਚ ਸਿਰਫ਼ ਬ੍ਰਾਹਮਣ ਦੀ ਅਜਾਰੇਦਾਰੀ ਹੈ ਜਿਸ ਨੇ ਸਾਰੇ ਦੇਸ਼ ਨੂੰ ਸੁੱਕਣੇ ਪਾਇਆ ਹੋਇਆ ਹੈ। ਲੋਕ ਬ੍ਰਾਹਮਣ ਦੀ ਗੱਲ ਇਸ ਲਈ ਮੰਨਦੇ ਹਨ ਕਿਉਂਕਿ ਰੱਬੀ ਕਹੇ ਜਾਣ ਵਾਲੇ ਧਾਰਮਿਕ ਗ੍ਰੰਥਾਂ ਨੇ ਉਸਨੂੰ ਜਗਤ ਗੁਰੂ ਦਾ ਦਰਜਾ ਦਿੱਤਾ ਹੋਇਆ ਹੈ ਅਤੇ ਉਸਦੇ ਮੂੰਹੋਂ ਨਿੱਕਲੀ ਹਰ ਗੱਲ ਸੱਚੀ ਹੋਣ ਦਾ ਦਾਅਵਾ ਕਰ ਦਿੱਤਾ ਗਿਆ ਹੈ। ਗੁਰੂ ਜੀ ਇਸ ਵਿਚਾਰਧਾਰਾ ਦੇ ਸਖ਼ਤ ਖ਼ਿਲਾਫ਼ ਹਨ। ਪਰ ਜਿੰਨਾਂ ਚਿਰ ਤੱਕ ਲੋਕ ਬ੍ਰਾਹਮਣ ਨੂੰ ਗੁਰੂ ਮੰਨਦੇ ਰਹਿਣਗੇ ਅਤੇ ਉਸਦੇ ਮੰਦਰਾਂ ਵਿੱਚ ਜਾ ਕੇ ਨੱਕ ਰਗੜਦੇ ਰਹਿਣ ਤੋਂ ਇਲਾਵਾ ਬ੍ਰਾਹਮਣ ਦੇ ਮੂੰਹੋਂ ਨਿੱਕਲੀਆਂ ਗੱਲਾਂ ਨੂੰ ਸੱਚ ਕਰ ਕੇ ਮੰਨਦੇ ਰਹਿਣਗੇ ਉਦੋਂ ਤੱਕ ਸਮਾਜਿਕ ਪ੍ਰਵਰਤਨ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਲਈ ਬਾਬਾ ਸਾਹਿਬ ਡਾ: ਅੰਬੇਡਕਰ ਨੇ 9 ਅਪ੍ਰੈਲ 1930 ਤੋਂ ਕਾਲਾ ਰਾਮ ਮੰਦਰ ਪ੍ਰਵੇਸ਼ ਅੰਦੋਲਨ ਚਲਾ ਕੇ ਲੋਕਾਂ ਨੂੰ ਅਹਿਸਾਸ ਕਰਵਾਇਆ ਕਿ ਮੰਦਰਾਂ ਵਿੱਚ ਉਹਨਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ। ਬ੍ਰਾਹਮਣ ਦੀ ਧਾਰਮਿਕ ਅਤੇ ਸਮਾਜਿਕ ਜਕੜ ਨੂੰ ਤੋੜਨ ਲਈ ਬ੍ਰਾਹਮਣ ਦੇ ਸਰਵੇ ਸਰਵਾ ਹੋਣ ਨੂੰ ਨਕਾਰਨਾ ਪਵੇਗਾ। ਬ੍ਰਾਹਮਣ ਨੂੰ ਸਰਵਉੱਚ ਹਸਤੀ ਨੂੰ ਨਕਾਰ ਕੇ ਅਤੇ ਆਪਣੇ ਲੋਕਾਂ ਨੂੰ ਬ੍ਰਾਹਮਣ ਤੋਂ ਖ਼ਬਰਦਾਰ ਕਰਦਿਆਂ ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿੱਚ ਬ੍ਰਾਹਮਣ, ਉਸ ਦੇ ਗ੍ਰੰਥਾਂ ਦੀਆਂ ਕਹਾਣੀਆਂ, ਉਸ ਦੇ ਮੰਦਰਾਂ ਵਿੱਚ ਹੋਣ ਵਾਲੇ ਭੋਗ ਵਿਲਾਸ ਅਤੇ ਦੇਵਤਿਆਂ ਦੇ ਪ੍ਰਗਟ ਹੋਣ ਦੀਆਂ ਗੱਲਾਂ ਨੂੰ ਢੋਂਗ ਆਖਦੇ ਹਨ ਅਤੇ ਕਹਿੰਦੇ ਹਨ ਕਿ ਅਜਿਹੇ ਦੇਵਤਿਆਂ ਤੋਂ ਕਿਸੇ ਆਸ ਦੀ ਗੁੰਜਾਇਸ਼ ਨਹੀਂ। ਅਜਿਹੀ ਕਿਸੇ ਵੀ ਆਸ਼ਾ ਨੂੰ ਰੱਦ ਕਰਦਿਆਂ ਉਹ ਲਿਖਦੇ ਹਨ:-

ਥੋਥਾ ਪੰਡਤ ਥੋਥੀ ਬਾਨੀ ॥ ਥੋਥੀ ਹਰਿ ਬਿਨ ਸਬੈ ਕਹਾਨੀ ॥
ਥੋਥਾ ਮੰਦਿਰ ਭੋਗ ਵਿਲਾਸਾ ॥ ਥੋਥੀ ਆਨ ਦੇਵ ਕੀ ਆਸਾ ॥
ਅੰਮ੍ਰਿਤ ਬਾਣੀ (ਪੰਨਾ 81)

ਸਾਡੇ ਮਹਾਂਪੁਰਖਿਆਂ ਨੇ ਸਾਨੂੰ ਮੰਦਰਾਂ ਅਤੇ ਬ੍ਰਾਹਮਣਾਂ ਤੋਂ ਦੂਰ ਰਹਿਣ ਲਈ ਪ੍ਰੇਰਿਆ ਪਰ ਅੱਜ ਉਦੋਂ ਹੈਰਾਨੀ ਹੁੰਦੀ ਹੈ ਜਦੋਂ ਮੰਦਰਾਂ ਵਿੱਚ ਦਾਖਲ ਹੋਣ ਕਰਕੇ ਕਦੇ-ਕਦਾਈਂ ਦਲਿਤਾਂ ਦੀ ਬੇਇੱਜ਼ਤੀ ਕਰਕੇ ਮਾਰ ਭਜਾਉਣ ਦੀਆਂ ਖ਼ਬਰਾਂ ਆਉਂਦੀਆਂ ਹਨ। ਮੰਦਰ ਪ੍ਰਵੇਸ਼ ਲਈ ਅੰਦੋਲਨ ਵੀ ਚੱਲਦੇ ਹਨ। ਪਤਾ ਨਹੀਂ ਸਾਡੇ ਲੋਕ ਕਦੋਂ ਬ੍ਰਾਹਮਣੀ ਵਿਵਸਥਾ ਨੂੰ ਸਮਝਣਗੇ ਅਤੇ ਉਸਤੋਂ ਦੂਰੀ ਬਣਾਉਣਗੇ? ਇਹ ਸਮਾਜਿਕ ਢਾਂਚਾ ਅਜਿਹਾ ਹੈ ਜੋ ਦਰਜਾ-ਬੰਦੀ ਕਾਰਨ ਇੱਕ-ਦੂਜੇ ਨਾਲ ਮਿਲਵਰਤਣ ਨਹੀਂ ਕਰਨ ਦਿੰਦਾ। ਜੇ ਕੋਈ ਮਿਲਵਰਤਣ ਹੈ ਉਹ ਸਿਰਫ਼ ਆਪਣੇ ਜਾਤੀ-ਵਰਣ ਵਿੱਚ ਹੀ ਹੈ। ਜਾਤੀ ਵਰਣ ਤੋਂ ਬਾਹਰੇ ਮਿਲਵਰਤਣ ਤੋਂ ਇਹ ਸਮਾਜਿਕ ਢਾਂਚਾ ਪੂਰੀ ਤਰ੍ਹਾਂ ਰੋਕ ਕੇ ਰੱਖਦਾ ਹੈ। ਇਸ ਤਰ੍ਹਾਂ ਸਮਾਜ ਆਪਣੇ ਵਰਨ-ਜਾਤੀ ਖਾਨੇ ਵਿੱਚ ਕੈਦ ਰਹਿੰਦਾ ਹੈ ਅਤੇ ਆਪਸ ਵਿੱਚ ਕਦੇ ਵੀ ਜੁੜ ਨਹੀਂ ਸਕਿਆ। ਇਸ ਦੁਫੇੜ ਕਾਰਨ ਸਾਡਾ ਦੇਸ਼ ਹਮੇਸ਼ਾਂ ਦੇਸੀ ਜਾਂ ਵਿਦੇਸ਼ੀ ਮੁੱਠੀ ਭਰ ਲੋਕਾਂ ਦੇ ਕਬਜ਼ੇ ਵਿੱਚ ਰਿਹਾ। ਵਿਦੇਸ਼ੀ ਹਮਲਾਵਰ ਇੱਥੇ ਆ ਕੇ ਮਣਾਂ-ਮੂੰਹੀਂ ਧਨ ਦੌਲਤ ਲੁੱਟ ਕੇ ਲਿਜਾਂਦੇ ਰਹੇ ਹਨ। ਸਤਿਗੁਰੂ ਰਵਿਦਾਸ ਜੀ ਜਾਣਦੇ ਹਨ ਕਿ ਜਾਤ-ਪਾਤ ਨੂੰ ਖ਼ਤਮ ਕਰਕੇ ਅਤੇ ਮਨੁੱਖ ਨੂੰ ਮਨੁੱਖ ਨਾਲ ਜੋੜ ਕੇ ਹੀ ਦੇਸ਼ ਅਤੇ ਸਮਾਜ ਦਾ ਵਿਕਾਸ ਕੀਤਾ ਜਾ ਸਕਦਾ ਹੈ। ਗੁਰੂ ਜੀ ਜਾਤਪਾਤੀ ਸਿਸਟਮ ਨੂੰ ਕੇਲਿਆਂ ਦੇ ਪੱਤਿਆਂ ਵਾਂਗ ਦੱਸਦੇ ਹਨ ਜਿਹੜੇ ਅਲੱਗ ਅਲੱਗ ਹੋਣ ਕਾਰਨ ਮਜ਼ਬੂਤ ਤਣਾ ਨਹੀਂ ਬਣਦੇ। ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਜਿੰਨਾਂ ਚਿਰ ਜਾਤ-ਪਾਤ ਖ਼ਤਮ ਨਹੀਂ ਹੁੰਦੀ ਉਨਾਂ ਚਿਰ ਮਨੁੱਖ ਜੁੜ ਨਹੀਂ ਸਕਦਾ। ਜਿੰਨਾਂ ਚਿਰ ਤੱਕ ਮਨੁੱਖ ਆਪਸ ਵਿੱਚ ਇੱਕ ਭਾਈਚਾਰੇ ਦੇ ਤੌਰ 'ਤੇ ਨਹੀਂ ਜੁੜਦਾ ਉਨਾਂ ਚਿਰ ਤੱਕ ਮਜ਼ਬੂਤ ਦੇਸ਼ ਨਹੀਂ ਬਣ ਸਕਦਾ। ਗੁਰੂ ਜੀ ਲਿਖਦੇ ਹਨ :-

ਜਾਤ ਜਾਤ ਮੇਂ ਜਾਤ ਹੈ ਜਯੋਂ ਕੇਲਨ ਮੇਂ ਪਾਤ॥
ਰਵਿਦਾਸ ਨ ਮਾਨੁਖ ਜੁੜ ਸਕੈਂ ਜੌ ਲੌਂ ਜਾਤ ਨ ਜਾਤ॥
ਅੰਮ੍ਰਿਤ ਬਾਣੀ ਪੰਨਾ 165

ਬ੍ਰਾਹਮਣ ਦੁਆਰਾ ਫੈਲਾ ਦਿੱਤੇ ਗਏ ਅੰਧਵਿਸ਼ਵਾਸ ਕਾਰਨ ਲੋਕ ਮੂਰਖ ਬਣ ਗਏ ਜਿਸ ਕਾਰਨ ਉਹਨਾਂ ਨੂੰ ਆਪਣੇ ਅਧਿਕਾਰਾਂ ਦੀ ਸਮਝ ਨਾ ਪੈ ਸਕੀ। ਜਿੱਥੇ ਧਾਰਮਿਕ ਅੰਧ ਵਿਸ਼ਵਾਸ ਹੁੰਦਾ ਹੈ ਉੱਥੇ ਤਰਕ ਲਈ ਕੋਈ ਜਗ੍ਹਾ ਹੀ ਨਹੀਂ ਬਚਦੀ। ਅੰਧ ਵਿਸ਼ਵਾਸ ਵਿੱਚ ਫਸਿਆ ਵਿਅਕਤੀ ਸੱਚ ਝੂਠ ਦਾ ਨਿਰਣਾ ਨਹੀਂ ਕਰ ਸਕਦਾ। ਇਸ ਅੰਧ ਵਿਸ਼ਵਾਸ 'ਤੇ ਚੋਟ ਕਰਦਿਆਂ ਸਭ ਤੋਂ ਪਹਿਲਾਂ ਸਾਡੇ ਮਹਾਂਪੁਰਸ਼ ਮਹਾਤਮਾ ਬੁੱਧ ਨੇ ਅਵਾਜ਼ ਉਠਾਈ। ਉਹ ਆਖਦੇ ਹਨ ਕਿ "ਕਿਸੇ ਗੱਲ ਨੂੰ ਇਸ ਲਈ ਨਾ ਮੰਨ ਲਿਆ ਜਾਵੇ ਕਿ ਉਹ ਗ੍ਰੰਥਾਂ ਵਿੱਚ ਲਿਖੀ ਹੈ ਜਾਂ ਕਿਸੇ ਮਹਾਂਪੁਰਖ ਨੇ ਕਹੀ ਹੈ ਬਲਕਿ ਤਰਕ ਦੇ ਅਧਾਰ 'ਤੇ ਪਰਖ ਕੇ ਹੀ ਕਿਸੇ ਗੱਲ ਨੂੰ ਮੰਨਿਆਂ ਜਾਵੇ।" ਗੁਰੂ ਰਵਿਦਾਸ ਜੀ ਦੇ ਅੰਦਰੋਂ ਵੀ ਇਹੀ ਬੁੱਧ ਬਾਣੀ ਬੋਲਦੀ ਪ੍ਰਤੀਤ ਹੁੰਦੀ ਹੈ ਜਦੋਂ ਅਸੀਂ ਉਹਨਾਂ ਦਾ ਸ਼ਬਦ ਪੜ੍ਹਦੇ ਹਾਂ ਜਿਸ ਵਿੱਚ ਉਹ ਆਖਦੇ ਹਨ ਕਿ ਅੰਧ ਵਿਸ਼ਵਾਸ ਨੂੰ ਛੱਡ ਕੇ ਬੇਡਰ ਹੋਣ ਨਾਲ ਹੀ ਸੱਚ ਦੀ ਪਛਾਣ ਕੀਤੀ ਜਾ ਸਕਦੀ ਹੈ। ਉਹ ਲਿਖਦੇ ਹਨ :-

ਜਹਂ ਅੰਧ ਵਿਸ਼ਵਾਸ ਹੈ ਸਤਿ ਪਰਖ ਤਹੰ ਨਾਂਹਿ॥
ਰਵਿਦਾਸ ਸਤਿ ਸੋਈ ਜਾਨਿਹੈ ਜੌ ਅਨਭਉ ਹੋਇ ਮਨ ਮਾਂਹਿ॥
ਅੰਮ੍ਰਿਤ ਬਾਣੀ ਪੰਨਾ 158

ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਇਸ ਸ਼ਬਦ ਤੋਂ ਪਤਾ ਲੱਗਦਾ ਹੈ ਕਿ ਉਹ ਤਰਕਸ਼ੀਲ ਵਿਅਕਤੀ ਸਨ। ਪਖੰਡਵਾਦ ਨਾਲ ਉਹਨਾਂ ਦਾ ਕੋਈ ਨਾਤਾ ਨਹੀਂ ਸੀ। ਵੈਸੇ ਵੀ ਪਖੰਡ ਤਾਂ ਉਹ ਲੋਕ ਕਰਦੇ ਹਨ ਜਿਹੜੇ ਸਿਰਫ਼ ਖ਼ੁਦ ਲਈ ਸੋਚਦੇ ਹਨ। ਦੂਸਰਿਆਂ ਦੀ ਭਲਾਈ ਲਈ ਵਿਸ਼ੇਸ਼ ਤਰ੍ਹਾਂ ਦੇ ਰਾਜ ਅਤੇ ਸਾਰੀਆਂ ਖ਼ੁਸ਼ੀਆਂ ਦੇ ਨਿਚੋੜ ਵਜੋਂ ਸਵਰਾਜ ਤੱਕ ਦੀ ਗੱਲ ਕਰਨ ਵਾਲੇ ਗੁਰੂ ਰਵਿਦਾਸ ਜੀ ਕਦੇ ਵੀ ਪਖੰਡੀ ਨਹੀਂ ਹੋ ਸਕਦੇ। ਉਹਨਾਂ ਦੇ ਨਾਂਅ 'ਤੇ ਜੋ ਪਖੰਡ ਭਰੀਆਂ ਸਾਖੀਆਂ ਸੁਣਾਈਆਂ ਜਾਂਦੀਆਂ ਹਨ ਉਹਨਾਂ ਨੂੰ ਗੁਰੂ ਜੀ ਦਾ ਇਹ ਸ਼ਬਦ ਹੀ ਝੂਠ ਕਰਾਰ ਦੇ ਦਿੰਦਾ ਹੈ। ਇਸ ਲਈ ਹੁਣ ਵੀ ਉਹਨਾਂ ਦੇ ਜਨਮ ਦਿਨ ਮਨਾਉਣ ਲੱਗਿਆਂ ਅਜਿਹੀਆਂ ਹੀ ਸਾਖੀਆਂ ਸੁਣਾਈ ਜਾਣੀਆਂ ਗੁਰੂ ਜੀ ਦੀ ਵਿਚਾਰਧਾਰਾ ਨਾਲ ਇਨਸਾਫ਼ ਨਹੀਂ ਕਿਹਾ ਜਾ ਸਕਦਾ। ਇਹ ਠੀਕ ਹੈ ਕਿ ਸਾਡਾ ਇਤਿਹਾਸ ਬਿਗਾਨਿਆਂ ਦੇ ਹੱਥ ਰਿਹਾ ਹੈ ਇਸ ਲਈ ਉਹਨਾਂ ਨੇ ਅਨੇਕਾਂ ਗੜਬੜੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਹੁਣ ਤਾਂ ਸਾਨੂੰ ਨਵੇਂ ਯੁੱਗ ਵਿੱਚ ਆ ਜਾਣਾ ਚਾਹੀਦਾ ਹੈ। ਪਰ ਸਾਡੇ ਹੁਣ ਦੇ ਸੰਤ ਅਖਵਾਉਣ ਵਾਲੇ ਬਹੁਤੇ ਲੋਕਾਂ ਨੂੰ ਇਸ ਤਰ੍ਹਾਂ ਦਾ ਇਤਿਹਾਸ ਹਜ਼ਮ ਹੀ ਨਹੀਂ ਆਉਂਦਾ।ਉਹ ਅਜੇ ਵੀ ਪੁਰਾਤਨ ਸਾਖੀਆਂ ਵਿੱਚ ਹੀ ਉਲਝੇ ਬੈਠੇ ਹਨ।



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਸਾਡੇ ਮਹਾਂਪੁਰਸ਼ਾਂ ਨੇ ਰੱਬ ਦੇ ਨਾਂਅ ਨੂੰ ਪੂਜਾ ਪਾਠ ਲਈ ਨਹੀਂ ਬਲਕਿ ਸਮਾਜਿਕ ਕ੍ਰਾਂਤੀ ਲਈ ਇੱਕ ਹਥਿਆਰ ਦੇ ਤੌਰ 'ਤੇ ਇਸਤੇਮਾਲ ਕੀਤਾ। ਇਹਨਾਂ ਮਹਾਂਪੁਰਸ਼ਾਂ ਦਾ ਮਕਸਦ ਧਰਮ ਦੇ ਨਾਂਅ 'ਤੇ ਲੋਕਾਂ ਨੂੰ ਨਰਕ-ਸੁਰਗ ਦੇ ਲਾਰਿਆਂ ਨਾਲ ਗੁੰਮਰਾਹ ਕਰਕੇ ਵਿਹਲੇ ਰਹਿ ਕੇ ਵੀ ਚੋਪੜੀਆਂ ਖਾਣ ਵਾਲ਼ਿਆਂ ਦਾ ਵਿਰੋਧ ਕਰਕੇ ਸਮਾਜਿਕ ਪ੍ਰਬੰਧ ਨੂੰ ਬਦਲਣਾ ਸੀ। ਜਿਸ ਤਰ੍ਹਾਂ ਸਤਗੁਰੂ ਨਾਮਦੇਵ ਜੀ ਮਹਾਰਾਜ ਆਪਣੀ ਬਾਣੀ ਵਿੱਚ ਇਸੇ ਜਨਮ ਵਿੱਚ ਹੀ ਮੁਕਤੀ ਦੀ ਆਸ਼ਾ ਕਰਦਿਆਂ ਮਲਾਰ ਰਾਗ ਪੰਨਾ 1292 ਉੱਪਰ ਆਖਦੇ ਹਨ :-

"ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨਾ ਜਾਨੈ ਕੋਇਲਾ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥"

ਇਸ ਸ਼ਬਦ ਵਿੱਚ ਸਤਗੁਰੂ ਨਾਮਦੇਵ ਜੀ ਕਿਸੇ ਨਰਕ-ਸੁਰਗ ਦੀ ਗੱਲ ਕਰਦੇ ਨਹੀਂ ਦਿਖਦੇ ਬਲਕਿ ਉਹ ਲੋਕਾਂ ਨੂੰ ਰੋਜ਼ਾਨਾ ਪੇਸ਼ ਆਉਣ ਵਾਲਾ ਜਾਤੀ ਵਿਵਸਥਾ ਦਾ ਦਰਦ ਬਿਆਨ ਕਰਕੇ ਉਸ ਤੋਂ ਮੁਕਤ ਹੋ ਜਾਣ ਦੀ ਗੱਲ ਕਰਦੇ ਹਨ। ਇਹ ਮੁਕਤੀ ਵੀ ਮਰਨ ਤੋਂ ਬਾਅਦ ਮਿਲਣ ਵਾਲੀ ਮੁਕਤੀ ਨਹੀਂ ਬਲਕਿ ਉਹ ਮੁਕਤੀ ਹੈ ਜਿਹੜੀ ਜਿਉਂਦੇ ਜੀਅ ਮਿਲੇ। ਉਹ ਜਿਉਂਦੇ-ਜੀਅ ਮਿਲਣ ਵਾਲੀ ਮੁਕਤੀ ਨੂੰ ਬਿਗਾਨਿਆਂ ਦੇ ਰਾਜ ਵਿੱਚ ਮਿਲਣ ਵਾਲ਼ੇ ਸੁਖ ਦੀ ਬਜਾਏ ਆਪਣੇ ਰਾਜ ਵਿੱਚ ਦੇਖਦੇ ਹਨ। ਗੁਰੂ ਰਵਿਦਾਸ ਜੀ ਅਨੁਸਾਰ ਦੁਨੀਆਂ ਵਿੱਚ ਪ੍ਰਚੱਲਤ ਰੀਤਾਂ ਮੁਤਾਬਕ ਕਿਸੇ ਵੀ ਇਨਸਾਨ ਨੂੰ ਮਿਲਣ ਵਾਲਾ ਸੁੱਖ ਦੋ ਤਰ੍ਹਾਂ ਦਾ ਹੁੰਦਾ ਹੈ। ਦੋਵਾਂ ਸੁੱਖਾਂ ਦੀ ਆਸ ਵੱਖੋ-ਵੱਖਰੇ ਢੰਗਾਂ ਨਾਲ ਕੀਤੀ ਜਾ ਸਕਦੀ ਹੈ। ਇੱਕ ਸੁੱਖ ਉਦੋਂ ਮਿਲਦਾ ਹੈ ਜਦੋਂ ਇਨਸਾਨ ਮਰ ਜਾਂਦਾ ਹੈ। ਜਾਣੀ ਬ੍ਰਾਹਮਣ ਦਾ ਅਦੇਸ਼ ਹੈ ਕਿ ਜਿਉਂਦੇ ਜੀਅ ਕਿਸੇ ਸੁੱਖ ਦੀ ਕਲਪਨਾ ਨਾ ਕਰੋ। ਦੂਸਰਾ ਸੁੱਖ ਜਿਉਂਦਿਆਂ ਹੀ ਮਿਲਦਾ ਹੈ ਪਰ ਇਹ ਉਦੋਂ ਮਿਲਦਾ ਹੈ ਜਦੋਂ 'ਸਵਰਾਜ' ਭਾਵ ਆਪਣਾ ਰਾਜ ਹੋਵੇ। ਆਪਣੇ ਰਾਜ ਦੀ ਤਾਰੀਫ਼ ਕਰਦਿਆਂ ਗੁਰੂ ਜੀ ਆਖਦੇ ਹਨ :-

ਰਵਿਦਾਸ ਮਾਨੁਖ ਕਰਿ ਬਸਨ ਕੂੰ, ਸੁਖ ਕਰ ਹੈ ਦੁਇ ਠਾਂਵ॥
ਇਕ ਸੁਖ ਹੈ ਸਵਰਾਜ ਮਹਿ, ਦੂਸਰ ਮਰਘਟ ਗਾਂਵ॥
ਅੰਮ੍ਰਿਤ ਬਾਣੀ ਪੰਨਾ 170

ਮਰਨ ਪਿੱਛੋਂ ਮਿਲਣ ਵਾਲੇ ਸੁੱਖ ਦੀ ਪ੍ਰਾਪਤੀ ਲਈ ਆਦਮੀ ਦਿਨ-ਰਾਤ ਧਾਰਮਿਕ ਸਥਾਨਾਂ 'ਤੇ ਮੱਥੇ ਰਗੜਦਾ ਫਿਰਦਾ ਹੈ, ਪਰ ਇਹ ਸਾਰੇ ਯਤਨ ਸਿਰਫ਼ ਬ੍ਰਾਹਮਣ ਨੂੰ ਹੀ ਰਾਸ ਆਉਂਦੇ ਹਨ ਕਿਉਂਕਿ ਬ੍ਰਾਹਮਣ ਦਾ ਤੋਰੀ-ਫੁਲਕਾ ਇਸ ਨਾਲ ਹੀ ਚੱਲਦਾ ਹੈ। ਜਿਉਂਦਿਆਂ ਮਿਲਣ ਵਾਲ਼ੇ ਸੁੱਖ ਲਈ ਆਪਣਾ ਰਾਜ ਕਾਇਮ ਕਰਨਾ ਪੈਂਦਾ ਹੈ। ਇਸ ਲਈ ਵੀ ਯਤਨ ਕਰਨੇ ਪੈਂਦੇ ਹਨ। ਇਹ ਰਾਜ ਬ੍ਰਾਹਮਣ ਦੇ ਕਹੇ ਅਨੁਸਾਰ ਰਾਮ ਰਾਮ ਕਰਨ ਨਾਲ ਨਹੀਂ ਆਉਂਦਾ।ਬਲਕਿ ਬ੍ਰਾਹਮਣ ਦੇ ਬਿਲਕੁਲ ਉਲਟ ਜਾ ਕੇ ਹੀ ਇਸ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਰਾਜ ਦਾ ਪ੍ਰਬੰਧ ਚੰਗੇ ਲੋਕਾਂ ਦੇ ਹੱਥਾਂ ਵਿੱਚ ਹੋਵੇ ਤਾਂ ਲੋਕਾਂ ਨੂੰ ਦੁੱਖਾਂ ਤਕਲੀਫ਼ਾਂ ਤੋਂ ਰਾਹਤ ਦੇ ਸਕਦਾ ਹੈ। ਇਸ ਲਈ ਗੁਰੂ ਜੀ ਚਾਹੁੰਦੇ ਹਨ ਕਿ ਪੂਰੀ ਦੁਨੀਆਂ ਵਿੱਚ ਅਜਿਹਾ ਸੁਚੱਜਾ ਰਾਜ ਪ੍ਰਬੰਧ ਕਾਇਮ ਹੋਵੇ ਜਿੱਥੇ ਕਿਸੇ ਨੂੰ ਕੋਈ ਗ਼ਮ ਨਾ ਹੋਵੇ ਅਤੇ ਕੋਈ ਦੁੱਖ-ਤਕਲੀਫ਼ ਨਾ ਹੋਵੇ। ਗੁਰੂ ਜੀ ਅਜਿਹੇ ਰਾਜ ਦੇ ਸੁੱਖਾਂ ਦਾ ਬਿਆਨ ਕਰਦੇ ਹਨ ਕਿ ਜਦੋਂ ਆਪਣਾ ਰਾਜ ਹੁੰਦਾ ਹੈ ਤਾਂ ਉਦੋਂ ਇਹ ਸਮਾਜ ਬੇਗ਼ਮਪੁਰਾ ਬਣ ਜਾਂਦਾ ਹੈ। ਭਾਵ ਗ਼ਮਾਂ ਤੋਂ ਰਹਿਤ ਸੰਸਾਰ। ਜਿੰਨਾਂ ਚਿਰ ਤੱਕ ਅਜਿਹੇ ਸੰਸਾਰਕ ਸੁੱਖਾਂ ਨੂੰ ਕੋਈ ਸਮਝਦਾ ਨਹੀਂ ਉਨਾਂ ਚਿਰ ਤੱਕ ਉਸ ਦੀ ਪ੍ਰਾਪਤੀ ਲਈ ਸੰਘਰਸ਼ ਨਹੀਂ ਕੀਤਾ ਜਾ ਸਕਦਾ। ਇਸ ਲਈ ਗੁਰੂ ਜੀ ਬੇਗ਼ਮਪੁਰੇ ਦੇ ਸੁੱਖਾਂ ਦਾ ਵਰਣਨ ਕਰਦਿਆਂ ਇਸ ਵਿਚਾਰ ਨੂੰ ਆਪਣੇ ਸ਼ਬਦ ਰਾਹੀਂ ਇਉਂ ਲਿਖਦੇ ਹਨ :-

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
ਆਦਿ ਗ੍ਰੰਥ ਰਾਗ ਗਉੜੀ ਪੰਨਾ 345

ਗੁਰੂ ਜੀ ਦਾ ਸਵਰਾਜ ਸਾਧਨਹੀਣਾਂ ਲਈ ਵੀ ਰੋਜ਼ੀ-ਰੋਟੀ ਅਤੇ ਇਨਸਾਫ਼ ਦੇਣ ਦਾ ਸਾਧਨ ਹੈ। ਗੁਰੂ ਜੀ ਚਾਹੁੰਦੇ ਹਨ ਕਿ ਕੋਈ ਵੀ ਵਿਅਕਤੀ ਭਾਵੇਂ ਉਹ ਗ਼ਰੀਬ ਹੈ ਜਾਂ ਅਮੀਰ, ਭੁੱਖਾ ਨਹੀਂ ਮਰਨਾ ਚਾਹੀਦਾ। ਸਭ ਲਈ ਰੋਟੀ ਦਾ ਪ੍ਰਬੰਧ ਕਰਨਾ ਰਾਜ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਉਹ ਲਿਖਦੇ ਹਨ :-

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ॥
ਛੋਟ ਬੜੋ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ॥
ਅੰਮ੍ਰਿਤ ਬਾਣੀ ਪੰਨਾ 170

ਗੁਰੂ ਜੀ ਉਸ ਸਮੇਂ ਅਜਿਹੇ ਰਾਜ ਦੀ ਕਲਪਨਾ ਕਰਦੇ ਹਨ ਜਿਸ ਸਮੇਂ ਰਾਜ ਭਾਵੇਂ ਬਦਲ ਰਿਹਾ ਸੀ ਤੇ ਬ੍ਰਾਹਮਣੀ ਜਕੜ ਟੁੱਟ ਰਹੀ ਸੀ ਪਰ ਅਛੂਤਾਂ ਦੀ ਹਾਲਤ ਮਾੜੀ ਸੀ। ਉਸ ਸਮੇਂ ਸਵਰਾਜ ਜਾਂ ਹਰ ਇੱਕ ਲਈ ਰੋਟੀ ਤੇ ਇਨਸਾਫ਼ ਦੇਣ ਵਾਲੇ ਰਾਜ ਦੀ ਕਲਪਨਾ ਕਰਨਾ ਕੋਈ ਸਧਾਰਨ ਗੱਲ ਨਹੀਂ ਕਹੀ ਜਾ ਸਕਦੀ। ਗ਼ੁਲਾਮ ਮਾਨਸਿਕਤਾ ਵਾਲ਼ੇ ਲੋਕ ਕਦੇ ਵੀ ਨਾ ਤਾਂ ਆਪਣਾ ਰਾਜ ਹੀ ਸਿਰਜ ਸਕਦੇ ਹਨ ਅਤੇ ਨਾ ਹੀ ਕਿਸੇ ਨੂੰ ਇਨਸਾਫ਼ ਜਾਂ ਰੋਟੀ ਦੇ ਸਕਣ ਦੇ ਯੋਗ ਹੋ ਸਕਦੇ ਹਨ। ਭਿਖਾਰੀ ਵਾਂਗ ਅਧਿਕਾਰ ਮੰਗਣਾ ਅਤੇ ਡਰਪੋਕ ਹੋਣਾ ਗ਼ੁਲਾਮੀ ਨੂੰ ਸਿਰ ਮੱਥੇ ਕਬੂਲ ਕਰ ਲੈਣ ਵਾਲੀ ਮਾਨਸਿਕਤਾ ਹੈ।

ਇਸ ਲਈ ਗੁਰੂ ਜੀ ਗ਼ੁਲਾਮੀ ਦਾ ਜੂਲਾ ਵਗਾਹ ਮਾਰਨ ਲਈ ਲੋਕਾਂ ਨੂੰ ਆਖਦੇ ਹਨ। ਗੁਰੂ ਜੀ ਅਨੁਸਾਰ ਜੇ ਕਰ ਕਿਸੇ ਨੂੰ ਗ਼ੁਲਾਮ ਬਣਾਉਣਾ ਗ਼ਲਤ ਹੈ ਤਾਂ ਉਹ ਸਮਝਦੇ ਹਨ ਕਿ ਕਿਸੇ ਦੀ ਗ਼ੁਲਾਮੀ ਸਹਿਣਾ ਵੀ ਸਭ ਤੋਂ ਵੱਡਾ ਪਾਪ ਹੈ। ਉਹ ਆਪਣੀ ਬਾਣੀ ਵਿੱਚ ਲਿਖਦੇ ਹਨ :-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ॥
ਰਵਿਦਾਸ ਦਾਸ ਪਰਾਧੀਨ ਸੌਂ ਕੌਨ ਕਰੈ ਹੈ ਪ੍ਰੀਤ॥
ਪਰਾਧੀਨ ਕੋ ਦੀਨ ਕਯਾ ਪਰਾਧੀਨ ਬੇਦੀਨ॥
ਰਵਿਦਾਸ ਦਾਸ ਪਰਾਧੀਨ ਕੌ ਸਭ ਹੀ ਸਮਝੈ ਹੀਨ॥
ਅੰਮ੍ਰਿਤ ਬਾਣੀ ਪੰਨਾ 172

ਸਤਗੁਰੂ ਰਵਿਦਾਸ ਜੀ ਨੂੰ ਜਦੋਂ ਅਸੀਂ ਇੱਕ ਧਾਰਮਿਕ ਰਹਿਬਰ ਅਤੇ ਰੱਬ ਦਾ ਅਵਤਾਰ ਮੰਨ ਕੇ ਉਸ ਅਵਤਾਰੀ ਪੁਰਸ਼ ਦੀ ਪੂਜਾ ਤੱਕ ਸੀਮਤ ਹੋ ਜਾਵਾਂਗੇ ਉਦੋਂ ਅਸੀਂ ਉਹਨਾਂ ਦੀ ਵਿਚਾਰਧਾਰਾ ਦੇ ਨਜ਼ਦੀਕ ਨਹੀਂ ਪਹੁੰਚ ਸਕਾਂਗੇ। ਸਮਾਜਿਕ ਕ੍ਰਾਂਤੀ ਦੇ ਹੋਰਨਾਂ ਯੋਧਿਆਂ ਵਾਂਗ ਸਤਿਗੁਰੂ ਰਵਿਦਾਸ ਜੀ ਮਹਾਰਾਜ ਨਾਲ ਵੀ ਇਸ ਤਰ੍ਹਾਂ ਹੋ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਅਵਤਾਰੀ ਪੁਰਸ਼ ਨਹੀਂ ਸਨ। ਉਹ ਤਾਂ ਸਮਾਜ ਪ੍ਰਵਰਤਕ ਕ੍ਰਾਂਤੀਕਾਰੀ ਵਿਅਕਤੀ ਸਨ। ਪ੍ਰੰਤੂ ਇਤਿਹਾਸਕਾਰ ਬਿਗਾਨੇ ਹੋਣ ਕਾਰਨ ਉਹਨਾਂ ਨੇ ਆਪਣੀ ਮਰਜ਼ੀ ਦਾ ਇਤਿਹਾਸ ਲਿਖ ਕੇ ਸਾਡੇ ਸਾਹਮਣੇ ਪੇਸ਼ ਕਰ ਦਿੱਤਾ। ਅਸੀਂ ਬੇਗਿਆਨ ਲੋਕ ਉਸੇ ਨੂੰ ਸੱਚ ਮੰਨਦੇ ਆ ਰਹੇ ਹਾਂ। ਭਾਵੇਂ ਇਸ ਤਰ੍ਹਾਂ ਕਰਕੇ ਅਸੀਂ ਆਪਣੇ ਆਪ ਨੂੰ ਗੁਰੂ ਜੀ ਦੇ ਵੱਡੇ ਪੈਰੋਕਾਰ ਅਖਵਾਉਂਦੇ ਹਾਂ ਪਰ ਅਸਲ ਵਿੱਚ ਅਸੀਂ ਸਭ ਗੁਰੂ ਜੀ ਦੀ ਵਿਚਾਰਧਾਰਾ ਨਾਲ ਧਰੋਹ ਕਮਾ ਰਹੇ ਹਾਂ।

ਪੜ੍ਹਿਆ ਲਿਖਿਆ ਨੌਜਵਾਨ ਤਬਕਾ ਕਾਫ਼ੀ ਕੁੱਝ ਕਰ ਸਕਦਾ ਹੈ ਪਰ ਅਜੇ ਵੀ ਸਾਡੇ ਨੌਜਵਾਨ ਗੁਰੂ ਜੀ ਨੂੰ ਮੰਨਣ ਦਾ ਦਾਅਵਾ ਤਾਂ ਕਰਦੇ ਹਨ ਪਰ ਨਾਲ ਹੀ ਉਹ ਦੇਵੀ ਦੇਵਤਿਆਂ ਦੇ ਵੀ ਪੁਜਾਰੀ ਹਨ। ਗੁਰੂ ਰਵਿਦਾਸ ਜੀ ਦੋਵੇਂ ਵਿਚਾਰਧਾਰਾਵਾਂ ਨੂੰ ਮੰਨਣ ਵਾਲ਼ਿਆਂ ਦੀ ਤੁਲਨਾ ਦੋ ਘੋੜਿਆਂ 'ਤੇ ਸਵਾਰ ਵਿਅਕਤੀਆਂ ਨਾਲ ਕਰਦੇ ਹਨ। ਉਹ ਕਹਿੰਦੇ ਹਨ :

ਕਰਨੀ ਕਥਨੀ ਗਯਾਨ ਅਚਾਰਾ ਭਗਤਿ ਇੰਨ੍ਹ ਸੋ ਨਯਾਰੀ।
ਦੋਇ ਘੋੜਾ ਚਢਿ ਕੋਉ ਨ ਪਹੁੰਚੋ ਸਤਿਗੁਰੂ ਕਹੈ ਪੁਕਾਰੀ।
ਅੰਮ੍ਰਿਤ ਬਾਣੀ ਪੰਨਾ 36

ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਕੁੱਝ ਲੋਕ ਅਜਿਹੇ ਹਨ ਜਿਹੜੇ ਸਮਝਾਏ ਤੋਂ ਵੀ ਸਮਝਦੇ ਨਹੀਂ, ਵੇਦਾਂ ਦੀ ਵਡਿਆਈ ਕਰਦੇ ਹਨ ਅਤੇ ਹਿੰਦੂ ਬਣੇ ਰਹਿਣ ਵਿੱਚ ਹੀ ਖ਼ੁਸ਼ੀ ਮਹਿਸੂਸ ਕਰਦੇ ਹਨ। ਉਹਨਾਂ ਨੂੰ ਸਮਝਾ ਕੇ ਮੈਂ ਤਾਂ ਹਾਰ ਗਿਆ ਹਾਂ। ਅਜਿਹੇ ਲੋਕਾਂ ਦੇ ਹੁੰਦਿਆਂ ਕੁੱਝ ਨਹੀਂ ਹੋ ਸਕਦਾ। ਉਹ ਲਿਖਦੇ ਹਨ :-

ਅਬ ਮੈਂ ਹਾਰਿਓ ਰੇ ਭਾਈ।
ਥਕਤ ਭਯੋ ਸਭ ਹਾਲ ਕਾਲ ਤੇ, ਲੋਗਨਿ ਵੇਦ ਬੜਾਈ।
ਥਕਤ ਭਯੋ ਗਾਇਨ ਅਰ ਨਾਚਨ, ਥਾਕੀ ਦੇਵ ਪੂਜਾ।
ਕਾਮ ਕ੍ਰੋਧ ਤੇ ਦੇਹ ਥਕਤਿ ਭਈ, ਕਹੂੰ ਕਹਾਂ ਲੌਂ ਦੂਜਾ।
ਰਾਮ ਜਨ ਹੋਊਂ ਨ ਭਗਤ ਕਹਾਊਂ, ਚਰਨ ਪਖਾਰੂੰ ਨ ਦੇਵਾ।
ਜੋਈ ਜੋਈ ਕਰੂੰ ਉਲਟਿ ਮੋਹਿ ਬਾਂਧੈ ਤਾ ਤੇ ਨਿਕਟ ਨ ਭੇਵਾ।
ਅੰਮ੍ਰਿਤ ਬਾਣੀ ਪੰਨਾ 43-44

ਕੁੱਝ ਸੰਸਥਾਵਾਂ ਬੇਗਿਆਨ ਲੋਕਾਂ ਨੂੰ ਦੇਵੀ ਦੇਵਤਿਆਂ ਦੇ ਮੰਦਰਾਂ ਅਤੇ ਅਖੌਤੀ ਮਜ਼ਾਰਾਂ 'ਤੇ ਜਾ ਕੇ ਸਿਰ ਹਿਲਾਉਣ ਤੋਂ ਰੋਕਣ ਲੱਗੀਆਂ ਹਨ ਤਾਂ ਹੁਣ ਉਹਨਾਂ ਵਿੱਚੋਂ ਕਈਆਂ ਨੇ ਜਨਤਾ ਨੂੰ ਗੁਰੂ ਰਵਿਦਾਸ ਜੀ ਦੇ ਅੰਨ੍ਹੇ ਭਗਤ ਅਤੇ ਸਿਰਫ਼ ਮੱਥਾ ਟੇਕਣ ਵਾਲੇ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਸੱਚ ਤਾਂ ਇਹ ਹੈ ਕਿ ਬਹੁਤੇ ਲੋਕ ਗੁਰੂ ਜੀ ਨੂੰ ਮੰਨਣ ਦਾ ਦਾਅਵਾ ਤਾਂ ਜ਼ਰੂਰ ਕਰਦੇ ਹਨ ਪਰ ਉਹਨਾਂ ਦੀ ਵਿਚਾਰਧਾਰਾ ਨੂੰ ਫੈਲਾਉਣ ਵੱਲ ਧਿਆਨ ਘੱਟ ਦਿੱਤਾ ਜਾਂਦਾ ਹੈ।

ਗੁਰੂ ਰਵਿਦਾਸ ਜੀ ਨੇ ਜੋ ਘਾਲਣਾ ਘਾਲੀ ਹੈ ਉਹ ਅਜ਼ਾਦੀ, ਬਰਾਬਰੀ ਅਤੇ ਨਿਆਂ ਦੀ ਪ੍ਰਾਪਤੀ ਨਾਲ ਸਮੁੱਚੇ ਸਮਾਜ ਦੀ ਬਿਹਤਰੀ ਲਈ ਸੀ। ਇਸ ਲਈ ਦੂਸਰੀਆਂ ਜਾਤੀਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਵੀ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਯਾਦ ਮੰਨਣ। ਗੁਰੂ ਜੀ ਦੀ ਵਿਚਾਰਧਾਰਾ ਨੂੰ ਫੈਲਾਉਣ ਅਤੇ ਉਹਨਾਂ ਦੇ ਬੇਗ਼ਮਪੁਰੇ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਨੌਜਵਾਨਾਂ ਨੂੰ ਸਿਰਫ਼ ਮੱਥਾ ਟੇਕਣ ਤੱਕ ਹੀ ਸੀਮਤ ਨਹੀਂ ਹੋ ਜਾਣਾ ਚਾਹੀਦਾ ਬਲਕਿ ਸੱਚਮੁੱਚ ਗੁਰੂ ਜੀ ਦਾ ਬੇਗ਼ਮਪੁਰਾ ਵਸਾਉਣ ਦੇ ਯਤਨ ਕਰਨੇ ਚਾਹੀਦੇ ਹਨ।

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

# ਲਾਵਾਰਸ ਬੇਗਮਪੁਰਾ

ਫਤਿਹਜੰਗ ਸਿੰਘ 91-98726-70278



ਗੁਰੂ ਜੀ! ਸਤਿਗੁਰੂ ਜੀ!!
ਤੁਹਾਡਾ ਬੇਗਮਪੁਰਾ ਸਹਰ
ਅੱਜ ਫੇਰ ਬਹੁਤ ਯਾਦ ਆਇਆ ਹੈ
ਬਾਲ ਵਰੇਸੇ, ਨਿਕੜੇ ਹੱਥੀਂ
ਮੈਲ ਦੀ ਖਾਧੀ, ਕੱਦ ਤੋਂ ਵੱਡੀ
ਫਟੀ ਪੁਰਾਣੀ, ਬੀੜੇ ਹੂਣੀ
ਉਤਰਣ ਪਹਿਨੀ।
ਬਿਆਈਆਂ ਪਾਟੇ, ਸੁੱਜੇ ਪੈਰੀਂ
ਬਾਹੀਂ ਲੱਤੀਂ ਪਰਤ ਮੈਲ ਦੀ
ਸਿਰ ਦਾ ਝਾਟਾ, ਵਗਦਾ ਨੱਕ
ਤਰੇੜੀਆਂ ਗੱਲ੍ਹਾਂ, ਧੱਸੀਆਂ ਅੱਖਾਂ
ਠਰ ਵਿਚ ਬੈਠਾ, ਠੁਰ ਠੁਰ ਕਰਦਾ
ਮਰਦਾ ਖਪਦਾ, ਖਿੱਡ ਦੀ ਖਾਤਰ
ਟੱਬਰ ਖ਼ਾਤਰ
ਟੱਬ ਵਿਚ ਪਾਣੀ, ਜੂਝ ਹੂੰਠਦਾ
ਭਾਂਡੇ ਧੋਵੇ, ਗੁਰਬਤ ਧੋਵੇ
ਤੇ ਗੁਰੂ ਜੀ, ਸਤਿਗੁਰੂ ਜੀ
ਤੁਹਾਡਾ ਬੇਗਮਪੁਰਾ ਸਹਰ
ਅੱਜ ਫੇਰ ਬਹੁਤ ਯਾਦ ਆਇਆ।

ਸਿਖਰ ਦੁਪਹਿਰੇ, ਕਿੱਕਰ ਰੰਗੀ
ਪਾਟੀ ਧੋਤੀ, ਟੁੱਟੇ ਛਿੱਤਰ
ਢਿਲਕੀ ਛਾਤੀ, ਖੁਸ਼ਕੇ ਬੁੱਲ੍ਹ
ਬੁੱਲ੍ਹਾਂ ਹੇਠਾਂ, ਖੌਂਚੇ ਦੰਦ
ਸੜੀਆਂ ਬਾਹਵਾਂ, ਸੁੱਕੀਆਂ ਲੱਤਾਂ
ਚਪਟੇ ਪੈਰ, ਹੱਥ ਖੁਰਦਰੇ
ਮਾਂ ਕਹਾਉਂਦੀ।

ਸਿਰ 'ਤੇ ਟੋਕਰ, ਲੁੱਕ ਦੀ ਗਰਮੀ
ਸੜਕ ਦੀ ਗਰਮੀ, ਧੁੱਪ ਦੀ ਗਰਮੀ
ਗਮ ਦੀ ਗਰਮੀ, ਭੁੱਖ ਦੀ ਗਰਮੀ
ਲੂਅ ਦੀ ਲੂਹੀ, ਇੱਟਾਂ ਢੋਂਦੀ
ਰੇਤਾ ਚੁੱਕਦੀ, ਬਜਰੀ ਪਾਉਂਦੀ
ਕਹੀ ਚਲਾਉਂਦੀ, ਝਾਤੂ ਲਾਉਂਦੀ
ਇਹ ਕਿਸ ਧਰਤ ਦੀ, ਕਿਸ ਦੇਸ਼ ਦੀ
ਕੌਣ ਹੈ ਨਾਰੀ, ਕੋਈ ਨਾ ਦੱਸੇ?
ਗੁਰੂ ਜੀ, ਸਤਿਗੁਰੂ ਜੀ .....।

ਆਪਣੇ ਨੇੜੇ ਇਸ ਬੇਵੱਸ ਮਾਂ ਨੇ
ਸੜਕ ਕਿਨਾਰੇ ਰੁਖ ਦੇ ਹੇਠਾਂ
ਚੁੰਨਰੀ ਤਾਣੀ, ਪੰਘੂੜਾ ਬਣਾਇਆ
ਛੋਟੀ ਜਿੰਦ ਨੂੰ, ਵਿਚ ਲਿਟਾਇਆ
ਲੂੰਹਦੀ ਲੂਅ ਵੀ ਰੰਗ ਵਿਖਾਇਆ
ਲਿਬੜਿਆ ਤਿਬੜਿਆ ਨਿੱਕਾ ਵੀਰਾ
ਹੱਥ ਵਟਾਉਂਦਾ, ਚੁੱਪ ਕਰਾਉਂਦਾ
ਪਲ ਕੁ ਮਗਰੋਂ ਝੂਠਾ ਮਾਰੇ।
ਸਕੂਲ ਨਾ ਜਾਣੇ, ਪੜ੍ਹਨ ਨਾ ਜਾਣੇ
ਗਰਮੀ ਸਰਦੀ ਕੱਟਣਾ ਜਾਣੇ
ਘੱਟਾ ਛਾਣੇ, ਮਿੱਟੀ ਛਾਣੇ, ਭੁੱਖਣ ਭਾਣੇ
ਇਹ ਕਿਸ ਦੇਸ਼ ਦਾ, ਕੌਣ ਭਵਿੱਖ ਹੈ?
ਕੋਈ ਤਾਂ ਦੱਸੇ?
ਗੁਰੂ ਜੀ, ਸਤਿਗੁਰੂ ਜੀ ....

ਇਕ ਹੋਰ ਮਾਂ, ਜਵਾਨੀ 'ਚ ਬੁੱਢੀ
ਹੱਥ ਵਿਚ ਬਾਂਸਾਂ, ਲੰਬੀ ਫਹੁੜੀ
ਢਿੱਡੋਂ ਵਗਦਾ ਗੰਦ ਹੂੰਝਦੀ।
ਗੱਭਰੂ ਇਸਦਾ ਪਿੱਛੇ ਇਸਦੇ
ਗੰਦ ਨੂੰ ਚੁੱਕ ਚੁੱਕ ਗੱਡੀ ਪਾਵੇ
ਗਲੀ ਮੁਹੱਲੇ, ਤਿੱਖੀ ਬੋਅ
ਫੈਲਦੀ ਜਾਵੇ, ਵਧਦੀ ਜਾਵੇ
ਲਹਿਰੀ ਬਾਬੂ, ਸ਼ਹਿਰੀ ਬਾਬੂ
ਨੱਕ ਕੱਜਕੇ, ਤਿੱਖੇ ਕਦਮੀਂ
ਕੋਲੋਂ ਲੰਘਣ
ਪਰ ਜੋੜੇ ਦੀ, ਨੱਕ ਦੀਆਂ ਨਾੜਾਂ
ਰੋਜ਼ ਰੋਜ਼ ਦੀ 'ਮਹਿਕ' ਸੁੰਘਦਿਆਂ
ਬੇਫਿਕਰੀ ਵਿਚ ਮਸਤ ਤੁਰਦਿਆਂ
ਜਿਨ੍ਹਾਂ ਨੂੰ ਹੁਣ ਕੋਈ ਬੋਅ ਨਹੀਂ ਪੋਂਹਦੀ
ਆਪਣੇ ਦਰਦ 'ਚ ਅੱਖ ਨਹੀਂ ਰੋਂਦੀ
ਗੁਰੂ ਜੀ, ਸਤਿਗੁਰੂ ਜੀ ....।

ਨਾਲ ਪਰ੍ਹੇ ਕੁਝ ਨਿਕੜੇ ਬਾਲਕ
ਗੰਦਾ ਨਾਲਾ, ਸੂਏ ਵਰਗਾ
ਗੋਡੇ ਗੋਡੇ ਚਿੱਕੜ ਘਾਣੀ
ਪਾਣੀ ਫੋਲਣ, ਕੀ ਕੀ ਲੱਭਣ?
ਜੋ ਵੀ ਲੱਭੇ, ਸਾਂਭੀ ਜਾਵਣ
ਤੜਫਦੀ ਭੁੱਖ, ਮਿਟਾਵਣ ਦੇ ਲਈ
ਪੇਟ ਨੂੰ ਝੁਲਕਾ ਦੇਵਣ ਦੇ ਲਈ
ਘੰਟਿਆਂ ਬੱਧੀ ਕਰੀ ਕਮਾਈ
ਕੋਈ ਅਧੂਰੀ ਖਾਧੀ ਛੱਲੀ
ਜਾਂ ਫਿਰ ਜੂਝ ਜਾਂ ਖਾਧੇ ਚੂੰਡੇ
ਅੱਧ ਪਚੱਧੇ ਕੇਲੇ ਸੇਵਾ
ਚਿੱਕੜ ਦੇ ਨਾਲ ਚਿੱਕੜ ਧੋ ਕੇ
ਭੁੱਖ ਮਿਟਾਈ ਕਿ ਲਈ ਬਿਮਾਰੀ?
ਗੁਰੂ ਜੀ, ਸਤਿਗੁਰੂ ਜੀ ....।

ਮੇਰੇ ਗੁਰੂ ਜੀ,
ਮੇਰੇ ਸਤਿਗੁਰੂ ਜੀ
ਹੋਰ ਕਹਾਂ ਤੇ ਕੀ
ਕੀ ਦੱਸਾਂ
ਦੱਸ ਨਹੀਂ ਹੁੰਦਾ,
ਕਹਿ ਨਹੀਂ ਹੁੰਦਾ
ਟੋਏ ਟਿੱਬੇ ਬਹੁਤ ਬਹੁਤ ਨੇ
ਟੱਪ ਨਹੀਂ ਹੁੰਦੇ, ਭਰ ਨਹੀਂ ਹੁੰਦੇ
ਵੇਖ ਨਹੀਂ ਹੁੰਦੇ, ਜਰ ਨਹੀਂ ਹੁੰਦੇ
ਮੰਨਣ ਕਹਿਣ ਨੂੰ ਅਸੀਂ ਤੇਰੇ ਬੰਦੇ
ਸਾਰੀ ਉਮਰਾਂ ਮਾਲਾ ਜਾਪਦੇ, ਉਪਕਾਰੀ ਬਣਦੇ
ਪਰ ਤੇਰੇ ਬੇਗਮ ਸਹਰ ਨੂੰ
ਜਾਣ ਸਕੇ ਨਾ, ਸਮਝ ਸਕੇ ਨਾ
ਬਿਨ ਤੁਰਿਆਂ ਹੀ ਬੈਠੇ ਬੈਠੇ
ਬੇਗਮਪੁਰਾ ਵਸਾ ਲੈਂਦੇ ਹਾਂ
ਆਪਣਾ ਦਿਲ ਪਰਚਾ ਲੈਂਦੇ ਹਾਂ
ਜਿਉਂ ਮੋਖਸ਼ ਜਿਹੀ ਪਾ ਲੈਂਦੇ ਹਾਂ
ਬੇਗਮਪੁਰਾ ਤਾਂ, ਉਥੇ ਹੀ ਹੈ
ਜਿੱਥੇ ਛੱਡ ਕੇ ਤੁਰ ਗਏ ਸਓ
ਸਾਡੇ ਵਰਗੇ ਅਵਾਰਸ ਬਣਾ ਕੇ।

## ਪਾਰਸ / ਗੀਤ

ਮਹਿੰਦਰ ਮਾਨ
(91-99158-03554)



ਸਾਧੂ ਕਹੇ, ਕਿੱਥੇ ਹੈ ਪਾਰਸ ਰਵਿਦਾਸ ਜੀ,
ਹਾਲੇ ਵੀ ਝੌਂਪੜੀ 'ਚ ਕਿਉਂ ਹੈ ਆਪ ਦਾ ਵਾਸ ਜੀ?
ਹਾਲੇ ਵੀ ਤੁਸੀਂ ਸਾਦਾ ਜੀਵਨ ਬਤੀਤ ਕਰਦੇ,
ਨਵੇਂ ਜੋੜੇ ਬਣਾਂਦੇ, ਪੁਰਾਣਿਆਂ ਨੂੰ ਗੰਢਦੇ,
ਮਿੱਟੀ 'ਚ ਮਿਲਾ ਦਿੱਤੀ ਤੁਸੀਂ ਮੇਰੀ ਆਸ ਜੀ।
ਸਾਧੂ ਕਹੇ .........
ਗੁਰੂ ਕਹੇ, ਕਿਸੇ ਪਾਰਸ ਦਾ ਮੈਨੂੰ ਚੇਤਾ ਨਾ,
ਇਕ ਪੱਥਰ ਤੋਂ ਬਿਨਾਂ ਤੁਸੀਂ ਹੋਰ ਕੁਝ ਕੀਤਾ ਭੇਟਾ ਨਾ,
ਮੈਂ ਉਨੇ ਨਾਲ ਖੁਸ਼ ਹਾਂ, ਜਿੰਨਾ ਹੈ ਮੇਰੇ ਪਾਸ ਜੀ।
ਸਾਧੂ ਕਹੇ .......
ਮੈਨੂੰ ਤਾਂ ਕੀਲਿਆ ਸੀ ਤੁਹਾਡੇ ਪਿਆਰ ਨੇ,
ਪਾਰਸ ਦੁਆਇਆ
ਮੈਥੋਂ ਤੁਹਾਡੇ
ਸਤਿਕਾਰ ਨੇ,
ਸੱਚ ਦੱਸਾਂ ਹੋਰ
ਕੋਈ ਨਹੀਂ ਸੀ ਗੱਲ
ਖਾਸ ਜੀ।
ਸਾਧੂ ਕਹੇ.........
ਗੁਰੂ ਕਹੇ, ਅਹੁ ਸਾਮ੍ਹਣੇ ਛੱਤ ਵੱਲ ਤੱਕੋ ਜ਼ਰਾ,
ਇਸ ਵਿੱਚ ਟੰਗਿਆ ਪੱਥਰ ਚੁੱਕੋ ਜ਼ਰਾ,
ਇਹ ਮੇਰੇ ਕਿਸੇ ਕੰਮ ਨਾ, ਇਸ ਨੂੰ ਰੱਖੋ ਪਾਸ ਜੀ।
ਸਾਧੂ ਕਹੇ .........

## ਮਿੰਨੀ ਕਹਾਣੀ/ ਸਫੈਦ ਚੁੰਨੀ

ਮੇਜਰ ਸਿੰਘ ਨਾਭਾ
91-94635-53962



ਹਰਦੀਪ ਸਿੰਘ ਪਟਵਾਰੀ ਸਾਮ ਨੂੰ ਰੋਜ਼ਾਨਾ ਉਪਰਲੀ ਕਮਾਈ ਨੂੰ ਹਜ਼ਮ ਕਰਨ ਪਈ ਪੈਗ ਲਾਉਣ ਦਾ ਆਦੀ ਬਣ ਗਿਆ ਸੀ। ਜਦੋਂ ਉਹ ਘਰ ਆਉਂਦਾ, ਉਸ ਦੀ ਬੀ.ਏ ਪਾਸ ਪਤਨੀ ਅਤੇ ਬੱਚੇ ਉਸਦੀਆਂ ਗਾਲਾਂ ਤੋਂ ਡਰਦੇ ਸਹਿਮ ਜਾਂਦੇ। ਘਰ ਦੀਆਂ ਲੋੜਾਂ ਵੱਲ ਉਸ ਦਾ ਕੋਈ ਧਿਆਨ ਨਹੀਂ ਸੀ। ਘਰ ਦਾ ਮਾਹੌਲ ਨਰਕ ਬਣਦਾ ਜਾ ਰਿਹਾ ਸੀ। ਪਤਨੀ ਅਤ ਬੱਚੇ ਮਾਨਸਿਕ ਪੀੜਾ ਕਾਰਣ ਦੁਬਲੇ ਪਤਲੇ ਹੁੰਦੇ ਜਾ ਰਹੇ ਸੀ। ਪਟਵਾਰੀ ਸਾਹਬ ਦੀ ਤਾਂ ਸਿਰਫ ਆਪਣੀ ਹੀ ਜ਼ਿੰਦਗੀ ਸੀ। ਰਿਸਤੇਦਾਰ ਸਾਕ ਸਬੰਧੀ ਘਰ ਆਉਣ ਤੋਂ ਝਿਜਕਦੇ ਸਨ। ਪਟਵਾਰੀ ਸਾਹਬ ਇਕ ਦਿਨ ਜਿਆਦਾ ਸਰਾਬ ਪੀਣ ਕਾਰਨ ਸੁੱਤੇ ਹੀ ਰਹਿ ਗਏ। ਰਿਸਤੇਦਾਰ, ਨਜ਼ਦੀਕੀ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਨਾਲ, ਪਰਿਵਾਰਕ ਜਿੰਮੇਵਾਰੀਆਂ ਨਿਭਾਉਣ ਦੀ ਚਿੰਤਾ ਕਰ ਰਹੇ ਸੀ। ਬੱਚੇ ਅਜੇ ਛੋਟੇ ਸੀ। ਭੋਗ ਦੀ ਰਸਮ ਤੇ ਮਹਿਕਮੇ ਦੇ ਉੱਚ ਅਧਿਕਾਰੀ ਨੇ ਉਸਦੀ ਪਤਨੀ ਨੂੰ ਸਰਕਾਰੀ ਨੌਕਰੀ ਦੇਣ ਅਤੇ ਉਸ ਦੇ ਬਣਦੇ ਬਕਾਏ ਤੁਰੰਤ ਦਿੱਤੇ ਜਾਣ ਦਾ ਐਲਾਨ ਕੀਤਾ। ਥੋੜੇ ਦਿਨਾਂ 'ਚ ਹੀ ਸਾਰਾ ਕੁਝ ਪੂਰ ਚੜ ਗਿਆ। ਹੁਣ ਕੁਲਵਿੰਦਰ ਕੌਰ ਸਫੇਦ ਚੁੰਨੀ ਲੈ ਕੇ ਦਫਤਰ ਜਾਣਾ ਸ਼ੁਰੂ ਹੋ ਗਈ। ਬੱਚੇ ਵਧੀਆਂ ਸਕੂਲ ਵਿੱਚ ਪੜਨ ਪਾ ਦਿੱਤੇ। ਹੁਣ ਘਰੇ ਹਰ ਚੀਜ਼ ਮੌਜੂਦ ਸੀ। ਹੋਲੀ-ਹੋਲੀ ਕੁਲਵਿੰਦਰ ਦਫਤਰੀ ਮਹੌਲ ਵਿੱਚ ਐਨੀ ਘੁਲ ਮਿਲ ਗਈ ਕਿ ਉਹ ਹੁਣ ਸਫੈਦ ਚੁੰਨੀ ਲੈਣਾ ਵੀ ਭੁੱਲ ਗਈ ਸੀ। ਉਸ ਦੇ ਚੇਹਰੇ ਤੇ ਹੁਣ ਲਾਲੀ ਭਾਂਪਦੀ ਸੀ।

# ਵਿਪਸਾ ਦੀ 2017 ਦੀ ਪਹਿਲੀ ਪਲੇਠੀ ਇਕੱਤਰਤਾ ਮੌਕੇ 'ਸਿਰਜਣਾ ਤੇ ਸੰਵਾਦ' ਪੁਸਤਕ ਰਿਲੀਜ਼

**ਫਰੀਮਾਂਟ-** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਸਾਲ 2017 ਦੀ ਪਲੇਠੀ ਇਕੱਤਰਤਾ ਕਡਿੰਗੋ ਸਕੂਲ ਫਰੀਮਾਂਟ ਵਿਖੇ ਕੀਤੀ ਗਈ। ਨਵੇਂ ਸਾਲ ਦੀ ਵਧਾਈ ਦਿੰਦਿਆਂ ਹਰਜਿੰਦਰ ਕੰਗ ਨੇ ਸਭ ਨੂੰ ਜੀ ਆਇਆਂ ਆਖਿਆ ਤੇ ਸਾਲ 2016 ਵਿਚ ਅਕੈਡਮੀ ਵੱਲੋਂ ਆਯੋਜਿਤ 'ਵਰਲਡ ਪੰਜਾਬੀ ਕਾਨਫਰੰਸ' ਸਬੰਧੀ ਚਰਚਾ ਲਈ ਸੱਦਾ ਦਿੱਤਾ। ਸਭਾ ਦੇ ਮੈਂਬਰਾਂ ਵੱਲੋਂ ਉਠਾਏ ਸਵਾਲਾਂ, ਸ਼ੰਕਿਆਂ ਤੇ ਗਲਤਫਹਿਮੀਆਂ ਦਾ ਸੰਤੁਸ਼ਟੀਦਾਇਕ ਉਤਰ ਦਿੰਦਿਆਂ ਡਾ. ਗੁਰੂਮੇਲ ਸਿੱਧੂ ਨੇ ਵਰਲਡ ਪੰਜਾਬੀ ਕਾਨਫਰੰਸ ਨੂੰ ਅਕੈਡਮੀ ਦੀ ਸਮੂਹਿਕ ਪ੍ਰਾਪਤੀ ਦੱਸਿਆ ਤੇ ਭਵਿੱਖ ਵਿਚ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਦੀ ਗੱਲ ਆਖੀ। ਨਾਲ ਹੀ ਵਿਪਸਾ ਦੀ ਨਵੀਂ ਕਮੇਟੀ ਦੇ ਗਠਨ ਲਈ ਅਗਲੀ ਮੀਟਿੰਗ ਵਿਚ ਫੈਸਲਾ ਕਰਨ ਦੀ ਸਰਬਸੰਮਤੀ ਪ੍ਰਗਟ ਕੀਤੀ ਗਈ।

ਉਘੇ ਗਜ਼ਲਗੋ ਸੁਰਿੰਦਰ ਸੀਰਤ ਦੀ ਸਮੁੱਚੀ ਸ਼ਾਇਰੀ ਸਬੰਧੀ ਡਾ. ਦਰਿਆ ਵੱਲੋਂ ਸੰਪਾਦਿਤ ਲੇਖਾਂ ਦੀ ਪੁਸਤਕ 'ਸੁਰਿੰਦਰ ਸੀਰਤ-ਸਿਰਜਣਾ ਤੇ ਸੰਵਾਦ' ਅਕੈਡਮੀ ਦੇ ਸਮੂਹ ਮੈਂਬਰਾਂ ਵੱਲੋਂ ਰਿਲੀਜ਼ ਕੀਤੀ ਗਈ। ਸਭ ਨੇ ਸੁਰਿੰਦਰ ਸੀਰਤ ਨਿਰੰਤਰ ਸ਼ਬਦ ਗਤੀਸ਼ੀਲਤਾ ਦੀ ਸ਼ਲਾਘਾ ਕੀਤੀ। ਇਸ ਪੁਸਤਕ ਦੇ ਵਿਸ਼ਾ ਵਸਤੂ ਸਬੰਧੀ ਪ੍ਰੋ. ਸੁਖਵਿੰਦਰ ਕੰਬੋਜ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਪੁਸਤਕ ਵਿਚ ਦਰਜ ਲੇਖਾਂ ਦੀ ਸਲਾਹੁਣਾ ਕੀਤੀ। ਸੁਰਿੰਦਰ ਸੀਰਤ ਨੂੰ ਕਾਵਿ-ਚਿੰਤਨ ਦੇ ਪ੍ਰਸੰਗ 'ਚ ਇਕ ਸੰਜੀਦਾ ਦ੍ਰਿਸ਼ਟੀ ਵਾਲਾ ਕਵੀ ਕਿਹਾ। ਉਪਰੰਤ ਸੁਰਿੰਦਰ ਸੀਰਤਾ ਨੇ ਇਸ ਪੁਸਤਕ ਦੀ ਛਪਣ ਪ੍ਰਕਿਰਿਆ ਪ੍ਰਤੀ ਆਪਣੇ ਵਿਚਾਰ ਸਾਂਝੇ ਕੀਤੇ ਤੇ ਦੱਸਿਆ ਕਿ ਕੁਝ ਬਹੁਤ ਮਹੱਤਵਪੂਰਨ ਲੇਖ ਕੁਝ ਕਾਰਨਾਂ ਕਰਕੇ ਪੁਸਤਕ 'ਚ ਸ਼ਾਮਲ ਨਹੀਂ ਹੋ ਸਕੇ।



ਰਿਪੋਰਟ ਤੇ ਤਸਵੀਰ - ਹਰਜਿੰਦਰ ਕੰਗ

ਅੰਤ ਵਿਚ ਸ਼ਾਨਦਾਰ ਕਵੀ ਦਰਬਾਰ ਸਜਾਇਆ ਗਿਆ। ਸਮੇਂ ਦੀ ਗੱਲ ਕਰਦਿਆਂ ਵਜ਼ਨਦਾਰ ਰਚਨਾਵਾਂ ਦੀ ਪੇਸ਼ਕਾਰੀ ਨੇ ਖੂਬ ਰੰਗ ਬੰਨ੍ਹਿਆ।

ਕਵੀ ਦਰਬਾਰ ਵਿਚ ਡਾ. ਗੁਰੂਮੇਲ ਸਿੱਧੂ, ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ, ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਸੁਰਿੰਦਰ ਸੀਰਤ, ਕਰਮ ਸਿੰਘ ਮਾਨ, ਗੁਲਸ਼ਨ ਦਿਆਲ, ਨੀਲਮ ਸੈਣੀ, ਤਾਰਾ ਸਾਗਰ, ਹਰਭਜਨ ਸਿੰਘ ਢਿੱਲੋਂ, ਰੇਸ਼ਮ ਸਿੱਧੂ, ਗੁਰਮੀਤ ਬਰਸਾਲ, ਈਸ਼ਰ ਸਿੰਘ ਮੋਮਨ, ਗੁਰਦੀਪ, ਪ੍ਰੀਤ ਪੰਕਜ, ਡਾ. ਖਵਾਜਾ ਅਸ਼ਰਫ, ਅਸ਼ੋਕ ਭੌਰਾ ਨੇ ਹਿੱਸਾ ਲਿਆ। ਅੰਤ ਵਿਚ ਸੁਖਦੇਵ ਸਾਹਿਲ ਨੇ ਆਪਣੇ ਸੁਰੀਲੇ ਸੁਰਾਂ ਨਾਲ ਮਾਹੌਲ ਵਿਚ ਸੰਗੀਤ ਦੀ ਮਹਿਕ ਘੋਲ ਦਿੱਤੀ। ਉਘੇ ਰੰਗਕਰਮੀ ਅਸ਼ੋਕ ਤਾਂਘੜੀ, ਲਾਜ ਸੈਣੀ ਵੀ ਹਾਜ਼ਰ ਸਨ। ਸਥਾਨ ਮੁਹੱਈਆ ਕਰਵਾਉਣ ਤੇ ਹੋਰ ਪ੍ਰਬੰਧਕੀ ਕਾਰਜਾਂ ਵਿਚ ਨੀਲਮ ਸੈਣੀ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਵਤਨ ਦੀਆਂ ਠੰਡੀਆਂ ਛਾਵਾਂ ਨੂੰ ਤਰਸਦੀ- ਸੰਤੋਸ਼ ਕੁਮਾਰੀ ਗੰਗੜ




'ਬੇਸ਼ੱਕ ਭਾਰਤ ਦੇ ਮੁਕਾਬਲੇ ਇੰਗਲੈਂਡ ਜਾਂ ਹੋਰ ਦੇਸ਼ਾਂ ਵਿਚ ਕਿੰਨੀਆਂ ਵੀ ਸੁੱਖ-ਸਹੂਲਤਾਂ ਅਤੇ ਮੌਜ-ਬਹਾਰਾਂ ਹਨ, ਪਰ ਆਪਣਾ ਵਤਨ, ਆਪਣਾ ਹੀ ਹੁੰਦੈ। ਜੋ ਬਹਾਰਾਂ ਆਪਣੇ ਵਤਨੀਂ ਮਾਣਨ ਨੂੰ ਮਿਲਦੀਆਂ ਹਨ, ਉਹ ਕਿੱਧਰੇ ਵੀ ਨਹੀਂ।' ਹੌਕਾ ਜਿਹਾ ਭਰਕੇ ਇਹ ਗੱਲ ਆਖਣ ਵਾਲੀ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਪਿੰਡ ਰਾਣੇਵਾਲ ਦੀ ਜੰਮਪਲ ਸੰਤੋਸ਼ ਕੁਮਾਰੀ ਗੰਗੜ, ਭਾਂਵੇਂ ਕਿ ਕਾਫੀ ਅਰਸਾ ਪਹਿਲੇ ਉਡਾਰੀ ਮਾਰਕੇ ਸੱਤ ਸਮੁੰਦਰੋਂ ਪਾਰਲੀ ਇੰਗਲੈਂਡ ਦੀ ਧਰਤ ਉਤੇ ਜਾਕੇ, ਉਥੋਂ ਦੀ ਸਿਟੀਜਨ ਬਣੀ ਬੈਠੀ ਹੈ, ਪਰ ਉਹ ਆਪਣੇ ਪੰਜਾਬ ਦੀ ਧਰਤ ਦਾ ਮੋਹ ਉਵੇਂ ਹੀ ਸੀਨੇ 'ਚ ਪਾਲ ਰਹੀ ਹੈ। ਪਿਛਲੇ ਦਿਨੀਂ, ਪੰਜਾਬ ਦੀ ਫੇਰੀ ਦੌਰਾਨ ਸੰਤੋਸ਼ ਨੇ ਮੁਲਾਕਾਤ ਦੌਰਾਨ ਦੱਸਿਆ ਕਿ ਬਾਹਰ ਤਾਂ ਅਸੀਂ ਖੁੱਲ੍ਹਕੇ ਹੱਸ ਵੀ ਨਹੀਂ ਸਕਦੇ ਅਤੇ ਖੁੱਲ੍ਹਕੇ ਰੋ ਵੀ ਨਹੀ ਸਕਦੇ। ਇਹ ਇਕ ਪੰਜਾਬ ਦੀ ਧਰਤ ਹੀ ਭਾਗਭਰੀ ਹੈ, ਜਿਥੇ ਸਾਰਾ ਕੁਝ ਮਨ-ਮਰਜੀ ਦਾ ਕਰ ਲਈਦਾ।

ਸੰਤੋਸ਼ ਦੱਸਦੀ ਹੈ ਕਿ ਉਸ ਨੇ ਅੱਠਵੀਂ ਤੋਂ ਦਸਵੀਂ ਤਕ ਦੀ ਪੜ੍ਹਾਈ 'ਬਾਬਾ ਵਜੀਰ ਸਿੰਘ ਸਕੂਲ, ਨਵਾਂ ਸ਼ਹਿਰ' ਤੋਂ : ਬੀ. ਏ. ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਅਤੇ ਐਮ. ਏ. ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੀਤੀ। ਇਸਤੋਂ ਬਾਅਦ ਪੰਜਾਬ ਟੈਕਨੀਕਲ, ਪਟਿਆਲਾ ਤੋਂ ਪ੍ਰਾਈਵੇਟ ਸੈਕਰੇਟਰੀ ਦਾ ਦੋ ਸਾਲ ਦਾ ਡਿਪਲੋਮਾ ਕੀਤਾ। ਲਿਖਣ ਦਾ ਸ਼ੌਕ ਤਾਂ ਭਾਂਵੇਂ ਕਾਲਜ ਦੀ ਪੜ੍ਹਾਈ ਦੌਰਾਨ ਹੀ ਉਸ ਨੂੰ ਲੱਗ ਗਿਆ ਸੀ, ਪਰ ਇਹ ਸਾਰਾ ਕੁਝ ਡਾਇਰੀਆਂ ਵਿਚ ਹੀ ਬੰਦ ਕੀਤਾ ਜਾਂਦਾ ਰਿਹਾ। ਫਿਰ, ਅਚਾਨਕ ਪੰਜਾਬੀ ਦੇ ਨਾਮਵਰ ਸ਼ਾਇਰ ਸੱਤੀ ਅਟਾਲਾਂ ਵਾਲੇ, ਜੋ ਕਿ ਉਸ ਦੇ ਕਲਾਸ-ਫੈਲੋ ਹੀ ਸਨ, ਦੀ ਅਚਾਨਕ ਦੋਬਾਰਾ ਮਿਲੀ ਸੰਗਤ ਨੇ ਉਸ ਨੂੰ ਡਾਇਰੀਓਂ ਬਾਹਰ ਕੱਢਿਆ, ਜਿਸ ਸਦਕਾ ਉਸਦੇ ਲਿਖੇ ਗੀਤ ਅਖਬਾਰਾਂ ਰਾਂਹੀਂ ਹੁੰਦੇ ਹੋਏ ਪਾਠਕਾਂ ਤੱਕ ਪੁੱਜਣੇ ਸ਼ੁਰੂ ਹੋਏ। ਸੰਤੋਸ਼ ਨੂੰ ਗੀਤ-ਕਵਿਤਾਵਾਂ ਅਤੇ ਸ਼ਾਇਰੀ ਦੇ ਦੇ ਨਾਲ-ਨਾਲ ਗਾਇਕੀ ਦਾ ਵੀ ਖੂਬ ਸ਼ੌਕ ਹੈ। ਉਹ ਪਿਛਲੇ ਪੰਜ ਸਾਲਾਂ ਤੋਂ ਕਾਂਸ਼ੀ ਰੇਡੀਓ (ਯੂ. ਕੇ.) ਤੋਂ ਲਾਈਵ-ਸ਼ੋਅ ਵਿਚ ਗੀਤ ਤੇ ਕਵਿਤਾਵਾਂ ਗਾਉਂਦੀ ਨਾਮਨਾ ਖੱਟਦੀ ਆ ਰਹੀ ਹੈ। ਇਸੇ ਯਰੀਏ ਉਸਦੇ ਲਿਖਣ ਦੇ ਸ਼ੌਕ ਨੂੰ ਵੀ ਸੁਹਣੇ ਖੰਭ ਲੱਗਦੇ ਗਏ। ਅਟਾਲਾਂ ਵਾਲੇ ਸੱਤੀ ਤੋਂ ਇਲਾਵਾ ਕੁਲਬੀਰ ਸਿੰਘ ਅਤੇ ਆਰ. ਕੇ. ਵਿਰਕ ਲਈ ਵੀ ਉਸਦੇ ਮਨ ਵਿਚ ਪੂਰਨ ਆਦਰ-ਸਤਿਕਾਰ ਹੈ, ਜਿਹੜੇ ਕਿ ਉਸ ਦੀ ਕਲਮ ਨੂੰ ਹੌਸਲਾ-ਅਫਜਾਈ ਕਰਦੇ ਆ ਰਹੇ ਹਨ। ਉਸਦਾ ਜੀਵਨ-ਸਾਥੀ ਸੁਰਜੀਤ ਗੰਗੜ ਭਾਂਵੇ ਕਿ ਉਸਨੂੰ ਹਰ ਕਦਮ ਉਤੇ ਭਰਵਾਂ ਸਾਥ ਦੇ ਰਿਹਾ ਹੈ, ਪਰ ਉਹ ਉਧਰਲਾ ਜੰਮਪਲ ਹੋਣ ਕਰਕੇ ਪੰਜਾਬੀ ਪੜ੍ਹਨ-ਲਿਖਣ ਤੋਂ ਸੱਖਣਾ ਹੈ। ਨਵੀਆਂ-ਨਵੀਆਂ ਕਿਤਾਬਾਂ ਪੜ੍ਹਨ ਅਤੇ ਸੰਗੀਤ ਦਾ ਜਾਨੂੰਨ ਭਰਿਆ ਸ਼ੌਕ ਪਾਲ ਰਹੀ ਸੰਤੋਸ਼ ਆਪਣੇ ਜੀਵਨ-ਸਾਥੀ ਅਤੇ ਤਿੰਨ ਬੇਟੀਆਂ ਦਾਨੀਸ਼ਾ, ਕਾਰੀਨਾ, ਅਲਿਸੀਆ ਨਾਲ ਇੰਗਲੈਂਡ ਵਿਚ ਸੁੱਖਾਂ ਭਰਿਆ ਜੀਵਨ ਬਤੀਤ ਕਰ ਰਹੀ ਹੈ। ਉਹ ਉਨ੍ਹਾਂ ਖੁਸ਼ੀ ਭਰੇ ਪਲਾਂ ਦੀ ਡਾਹਢੀ ਇੰਤਜਾਰ ਵਿਚ ਹੈ, ਜਦੋਂ ਕਿ ਉਹ ਆਪਣਾ ਕਾਵਿ-ਸੰਗ੍ਰਹਿ ਪਾਠਕਾਂ ਦੇ ਹੱਥਾਂ ਵਿਚ ਦੇਖ ਸਕੇ। ਸ਼ਾਲ੍ਹਾ! ਪੰਜਾਬ ਦੀ ਧਰਤ ਦੀ ਪੈਦਾਇਸ਼ ਸੰਤੋਸ਼ ਇਵੇਂ ਹੀ ਆਪਣੇ ਸੱਭਿਆਚਾਰਕ ਵਿਰਸੇ ਦੇ ਮੋਹ ਦੀਆਂ ਤੰਦਾਂ ਨਾਲ ਜੁੜਕੇ, ਵਿਦੇਸ਼ਾਂ ਦੀ ਧਰਤ ਉਤੇ ਆਪਣੀਆਂ ਮਾਣ-ਮੱਤੀਆਂ ਸਾਹਿਤਕ ਮਹਿਕਾਂ ਵਿਖੇਰਦੀ ਆਪਣੇ ਵਤਨ ਦਾ ਨਾਂਓਂ ਰੋਸ਼ਨ ਕਰਦੀ ਰਵ੍ਹੇ!



ਪ੍ਰੀਤਮ ਲੁਧਿਆਣਵੀ
9876428641




## ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਸਬੰਧੀ ਵਿਸ਼ੇਸ਼

# ਸ੍ਰੀ ਗੁਰੂ ਰਵਿਦਾਸ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ



ਕੁਲਦੀਪ ਚੰਦ
91-94175-63054

ਇਤਿਹਾਸ ਗਵਾਹ ਹੈ ਕਿ ਇਸ ਧਰਤੀ ਤੇ ਫੈਲ ਰਹੀਆਂ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਸਮੇਂ ਸਮੇਂ ਤੇ ਮਨੁਖਤਾ ਦੇ ਰਹਿਵਰਾਂ ਨੇ ਜਨਮ ਲਿਆ ਇਨ੍ਹਾਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ ਜਿਨ੍ਹਾਂ ਨੇ ਉਸ ਵੇਲੇ ਫੈਲੀ ਊਚ ਨੀਚ ਦੀ ਬੁਰਾਈ ਖਿਲਾਫ ਅਵਾਜ਼ ਬੁਲੰਦ ਕੀਤੀ। ਸ੍ਰੀ ਗੁਰੂ ਰਵਿਦਾਸ ਜੀ ਦੇ ਸਮੇਂ ਸਮਾਜ ਜਾਤ-ਪਾਤ, ਕਰਮਕਾਂਡਾਂ, ਧਾਰਮਿਕ ਕੱਟੜਤਾ ਆਦਿ ਕੁਰੀਤੀਆਂ ਨਾਲ ਗ੍ਰਸਤ ਸੀ। ਮੰਨੂਵਾਦੀ ਪ੍ਰਥਾ ਅਨੁਸਾਰ ਕਾਇਮ ਜਾਤਿ ਪ੍ਰਥਾ ਦੇ ਢਾਂਚੇ ਅਨੁਸਾਰ ਉਸ ਵੇਲੇ ਚੋਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਸੀ। ਉਚੱਕੋਟੀ ਦੇ ਕਹਾਉਣ ਵਾਲੇ ਕੁੱਝ ਅਖੋਤੀ ਵਿਦਵਾਨ ਲੋਕ ਧਾਰਮਿਕ ਗ੍ਰੰਥਾ ਦੀ ਮਨਘੜਤ ਵਿਆਖਿਆ ਕਰਦੇ ਸਨ। ਅਜਿਹੇ ਲੋਕਾਂ ਨੇ ਸਮਾਜ ਵਿੱਚ ਇਹ ਗੱਲ ਫੈਲਾਈ ਹੋਈ ਸੀ ਕਿ ਸ਼ੂਦਰਾਂ ਨੂੰ ਨਾਂ ਵੇਦ ਪਾਠ ਪੜ੍ਹਣ ਨਾਂ ਹੀ ਸੁਣਨ ਦੇਣਾ ਚਾਹੀਦਾ ਹੈ। ਬ੍ਰਾਹਮਣਵਾਦੀ ਪ੍ਰਥਾ ਪ੍ਰਭਾਵਸ਼ਾਲੀ ਹੋਣ ਕਾਰਨ ਕਿਸੇ ਵੀ ਤਰਾਂ ਦਾ ਪਾਠ ਕਰਨ ਵਾਲੇ ਸ਼ੂਦਰਾਂ ਦੀ ਜੀਭ ਕੱਟਣ ਅਤੇ ਵੇਦ ਪਾਠ ਸੁਣਨ ਵਾਲੇ ਸ਼ੂਦਰਾਂ ਦੇ ਕੰਨਾ ਵਿੱਚ ਸਿੱਕਾ ਪਿਘਲਾਕੇ ਪਾਣ ਦੇ ਹੁਕਮ ਲਾਗੂ ਸਨ। ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ ਜੋਤ ਸਮਾਉਣ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਇਸਵੀ 1433 ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਨਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਵਿਖੇ ਹੋਇਆ। ਗੁਰੂ ਰਵਿਦਾਸ ਜੀ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਣਾਇਆ ਅਤੇ ਇਸ ਵਿੱਚ ਹੀ ਸੰਤੋਖ ਗ੍ਰਹਿਣ ਕੀਤਾ। ਆਪ ਜੀ ਦੇ ਬਜ਼ੁਰਗ ਬਨਾਰਸ ਦੇ ਆਸ-ਪਾਸ ਮਰੇ ਹੋਏ ਪਸ਼ੂਆਂ ਨੂੰ ਚੁੱਕਣ ਦਾ ਅਤੇ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ। ਗੁਰੂ ਜੀ ਨੇ ਆਪ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ :

ਮੇਰੀ ਜਾਤੀ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥

ਗੁਰੂ ਰਵਿਦਾਸ ਜੀ ਆਰਥਿਕ ਤੋਰ ਤੇ ਭਾਂਵੇ ਗਰੀਬ ਸਨ ਪ੍ਰੰਤੂ ਅਧਿਆਤਮਕ ਤੋਰ ਤੇ ਅਮੀਰ ਸਨ। ਆਪ ਅਪਣੇ ਹੱਥੀ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਆਪਜੀ ਨੇ ਅਪਣੇ ਸਮਕਾਲੀ ਸੰਤ ਮਹਾਂਪੁਰਖਾਂ ਬਾਰੇ ਵੀ ਅਪਣੀ ਬਾਣੀ ਵਿੱਚ ਡੂੰਘਾ ਵਿਚਾਰ ਵਟਾਂਦਰਾ ਕੀਤਾ ਹੈ।

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥
ਕਹਿ ਰਵਿਦਾਸੁ ਸਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥

ਸ਼੍ਰੀ ਗੁਰੂ ਰਵਿਦਾਸ ਜੀ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੋਜੂਦ ਹੈ। ਗੁਰੂ ਰਵਿਦਾਸ ਜੀ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:-

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥

ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਸਮਾਜ ਦੇ ਉਸ ਵਰਗ ਵਿੱਚ ਹੋਇਆ ਸੀ ਜਿਸਨੂੰ ਸ਼ੂਦਰ ਅਤੇ ਅਛੂਤ ਕਿਹਾ ਜਾਂਦਾ ਸੀ ਅਤੇ ਇਸ ਵਰਗ ਦੇ ਲੋਕਾਂ ਨਾਲ ਬਾਕੀ ਤਿੰਨ ਵਰਗਾਂ ਦੇ ਲੋਕ ਕੋਈ ਵੀ ਮੇਲ ਮਿਲਾਪ ਨਹੀਂ ਰੱਖਦੇ ਸਨ। ਆਪਜੀ ਸਮਾਜ ਵਿੱਚੋਂ ਸ਼ੋਸ਼ਣ, ਭਿੱਟ, ਕੁਰੀਤੀਆਂ ਅਤੇ ਅਡੰਬਰਾਂ ਦਾ ਖਾਤਮਾ ਕਰਕੇ, ਇੱਥੇ ਸ਼੍ਰੇਣੀ ਤੇ ਵਰਣ-ਹੀਣ ਵਰਗ ਅਤੇ ਦਰਜਾ ਰਹਿਤ ਸਮਾਜ ਕਾਇਮ ਕਰਕੇ ਸੰਸਾਰ ਵਿੱਚ ਵਿਲੱਖਣ ਪ੍ਰਕਾਰ ਦਾ ਸਮਾਜ ਸਥਾਪਤ ਕਰਨਾ ਚਾਹੁੰਦੇ ਸਨ। ਆਪ ਮਾਨਵ ਏਕਤਾ ਅਤੇ ਮਨੁੱਖੀ ਬਰਾਬਰੀ ਦੇ ਅਲੰਬਰਦਾਰ ਸਨ ਜਿਨ੍ਹਾਂ ਨੇ ਉਸ ਘੋਰ ਅੰਧਕਾਰ ਦੇ ਯੁੱਗ ਵਿੱਚ ਅਨੇਕ ਪ੍ਰਕਾਰ ਦੇ ਸਮਾਜਕ ਅਤੇ ਆਰਥਕ ਹਨੇਰਿਆਂ ਨੂੰ ਆਪਣੀ ਬਾਣੀ ਅਤੇ ਪ੍ਰਵਚਨਾਂ ਦੇ ਅਦਭੁੱਤ ਨੂਰ ਰਾਹੀਂ ਦੂਰ ਕਰਨ ਵਿੱਚ ਉੱਘਾ ਯੋਗਦਾਨ ਪਾਇਆ। ਗੁਰੂ ਜੀ ਹਮੇਸ਼ਾ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਉਹ ਜਨਮ ਤੋਂ ਹੀ ਭਗਤੀ ਭਾਵ ਵਾਲੀ ਰੁਚੀ ਰੱਖਦੇ ਸਨ। ਉਹ ਸ਼੍ਰੋਮਣੀ ਵਿਦਵਾਨਾਂ, ਭਗਤਾਂ, ਪੀਰਾਂ-ਪੈਗੰਬਰਾਂ, ਰਿਸ਼ੀਮੁਨੀਆਂ ਵਿੱਚ ਇੱਕ ਉਚਕੋਟੀ ਦੀ ਸ਼ਖਸੀਅਤ ਹਨ, ਜਿਨ੍ਹਾਂ ਦੀ ਰਚਿਤ ਬਾਣੀ (40 ਸ਼ਬਦਾਂ ਅਤੇ 01 ਸ਼ਲੋਕ) ਨੂੰ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨਾਂ ਜੀ ਦੀ ਬਾਣੀ ਨਾਲ ਸ਼ਾਮਿਲ ਕੀਤਾ ਅਤੇ ਉਨ੍ਹਾਂ ਦੀ ਬਾਣੀ ਨੂੰ ਵੀ ਸਦਾ ਲਈ ਅਮਰ ਕਰ ਦਿੱਤਾ। ਗੁਰੂ ਰਵਿਦਾਸ ਜੀ ਨੇ ਇਸ ਤਰਾਂ ਦੇ ਰਾਜ ਦੀ ਕਲਪਨਾ ਕੀਤੀ ਸੀ:-

ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ,
ਛੋਟ-ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ।

ਅਗਿਆਨਤਾ ਅਤੇ ਗਰੀਬੀ ਇਸ ਸਮਾਜ ਦੀ ਪਹਿਚਾਣ ਬਣ ਚੁੱਕੀ ਸੀ। ਗੁਰੂ ਰਵਿਦਾਸ ਜੀ ਆਪਣੇ ਗਰੀਬ ਸਮਾਜ ਦੀ ਨੁਹਾਰ ਬਦਲਣ ਦੇ ਇਛੁੱਕ ਸਨ। ਗੁਰੂ ਜੀ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:-

ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥

ਗੁਰੂ ਜੀ ਨੇ ਵਿਦਿਆ ਦੀ ਮਹੱਤਤਾ ਤੇ ਜ਼ੋਰ ਦਿਤਾ:-

ਪੜੀਐ ਗੁਨੀਐ ਨਾਮੁ ਸਭੁ ਸੁਨੀਐ, ਅਨਭਉ ਭਾਉ ਨਾ ਦਰਸੈ।

ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਉਚ ਵਰਗ ਦੇ ਜਾਤੀ ਅਭਿਆਨ ਤੇ ਹੰਕਾਰ ਨੂੰ ਸੱਟ ਮਾਰੀ। ਉਸ ਸਮੇਂ ਸਮਾਜਿਕ ਰੀਤੀ ਰਿਵਾਜਾਂ ਕਾਰਨ ਸੂਦਰ ਅਤੇ ਅਛੂਤ ਜਾਤ ਵਾਲੇ ਸਰਵਜਨਕ ਥਾਵਾਂ ਤੇ ਨਹੀਂ ਜਾ ਸਕਦੇ ਸਨ ਅਤੇ ਗੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਸਨ। ਗੁਰੂ ਰਵਿਦਾਸ ਜੀ ਨੇ ਇਸ ਖਿਲਾਫ ਆਪਣੀ ਆਵਾਜ਼ ਉਠਾਈ ਅਤੇ ਆਪਣੀ ਬਾਣੀ ਵਿੱਚ ਅਨੇਕਾਂ ਪਦਾਂ ਵਿੱਚ ਚਮਾਰ ਜਾਤੀ ਨੂੰ ਸਨਮਾਨ ਦਿੱਤਾ। ਗੁਰੂ ਰਵਿਦਾਸ ਜੀ ਦੇ ਜੀਵਨ ਸਿਧਾਂਤ ਦੀ ਇੱਕ ਹੋਰ ਅਲੌਕਿਕ ਖ਼ੂਬੀ ਇਹ ਹੈ ਕਿ ਉਹ ਗ੍ਰਹਿਸਥ ਜੀਵਨ ਬਤੀਤ ਕਰਦੇ ਹੋਏ, ਹੱਥੀਂ ਕੰਮ ਕਰਨ ਨੂੰ ਹੀ ਰੱਬ ਦੀ ਭਗਤੀ ਮੰਨਦੇ ਸਨ। ਗੁਰੂ ਰਵਿਦਾਸ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸ ਉਪਰ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਤਦ ਹੀ ਉਨ੍ਹਾਂ ਨੇ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਸਾਰੀ ਉਮਰ ਉਹ ਆਪ ਹੱਥਾਂ ਨਾਲ ਆਪਣਾ ਪਿਤਾ ਪੁਰਖੀ ਕਿੱਤਾ ਕਰਦੇ ਰਹੇ। ਗੁਰੂ ਰਵਿਦਾਸ ਜੀ ਹੱਥਾਂ ਨਾਲ ਕਿਰਤ ਕਰਦੇ ਹੋਏ ਮਨ ਵਿੱਚ ਪ੍ਰਭੂ ਦਾ ਜਾਪ ਕਰਦੇ ਰਹਿੰਦੇ ਸਨ। ਗੁਰੂ ਰਵਿਦਾਸ ਜੀ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਅਤੇ ਧਾਰਮਿਕ ਅਡੰਬਰਾਂ ਦਾ ਡੱਟ ਕੇ ਵਿਰੋਧ ਕੀਤਾ ਉਨ੍ਹਾਂ ਨੇ ਇਹ ਗੱਲ ਵੀ ਲੋਕਾਈ ਨੂੰ ਸਪੱਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇੱਕੋਂ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸ ਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਕੁੱਝ ਅਖੌਤੀ ਲੋਕਾਂ ਨੇ ਹਰ ਸੰਭਵ ਕੋਸ਼ਿਸ਼ ਦੁਆਰਾ ਗੁਰੂ ਜੀ ਦੇ ਮਿਸ਼ਨ-ਪ੍ਰਚਾਰ ਵਿੱਚ ਰੋਕਾਂ ਪਾਈਆਂ ਪਰ ਹਰ ਵਾਰ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਉਸ ਵੇਲੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਅੰਧ ਵਿਸ਼ਵਾਸ਼ਾਂ ਨੂੰ ਤੋੜਕੇ ਇੱਕ ਮਹਾਨ ਸਮਾਜ ਸੁਧਾਰਕ ਦਾ ਕੰਮ ਕੀਤਾ ਸੀ। ਸ਼੍ਰੀ ਗੁਰੂ ਰਵਿਦਾਸ ਜੀ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਵੱਖ ਵੱਖ ਇਲਾਕਿਆਂ ਵਿੱਚ ਜਾਕੇ ਕੰਮ ਕੀਤਾ। ਸ਼੍ਰੀ ਗੁਰੂ ਰਵਿਦਾਸ ਜੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਕਾਫੀ ਵੱਡੇ ਸਨ। ਵੱਖ ਵੱਖ ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਆਪਸ ਵਿੱਚ ਤਿੰਨ ਮੁਲਾਕਾਤਾਂ ਹੋਈਆਂ। ਵਿਦਵਾਨਾਂ ਅਨੁਸਾਰ ਪਹਿਲੀ ਗੋਸ਼ਟੀ ਚੂੜਕਾਣੇ (ਨਨਕਾਣਾ ਸਾਹਿਬ) ਵਿਖੇ ਉਦੋਂ ਹੋਈ, ਜਦੋਂ ਗੁਰੂ ਨਾਨਕ ਦੇਵ ਜੀ ਅਜੇ ਕਿਸ਼ੋਰ ਅਵਸਥਾ ਵਿੱਚ ਸਨ। ਗੁਰੂ ਰਵਿਦਾਸ ਜੀ, ਸੰਤ ਕਬੀਰ ਜੀ, ਸੰਤ ਸੇਨ ਜੀ, ਸੰਤ ਪੀਪਾ ਜੀ ਅਤੇ ਸੰਤ ਧੰਨਾ ਜੀ ਪੰਜਾਬ ਵਿੱਚ ਪ੍ਰਚਾਰ ਹਿੱਤ ਵਿਚਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਜਿਹੜੇ ਪੈਸੇ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ। ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਹੀ ਲਾ ਕੇ ਸੱਚਾ ਸੌਦਾ ਕੀਤਾ ਸੀ। ਦੂਜੀ ਮੁਲਾਕਾਤ ਅਤੇ ਗੋਸ਼ਟੀ ਸੁਲਤਾਨਪੁਰ ਵਿੱਚ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਜੀ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ-ਕਰਦੇ ਦੁਬਾਰਾ ਪੰਜਾਬ ਆਏ ਸਨ। ਤੀਜੀ ਗੋਸ਼ਟੀ ਕਾਸ਼ੀ ਵਿੱਚ ਗੋਪਾਲਦਾਸ ਦੀ ਬਗੀਚੀ ਜਿੱਥੇ ਹੁਣ 'ਗੁਰੂ ਕਾ ਬਾਗ' ਗੁਰਦੁਆਰਾ ਹੈ ਵਿੱਚ ਹੋਈ। ਸਤਿਗੁਰੂ ਰਵਿਦਾਸ ਜੀ ਉਨ੍ਹਾਂ ਸਮਾਜ ਸੁਧਾਰਕ ਸੰਤਾਂ ਵਿੱਚੋਂ ਅਗਾਂਹਵਧੂ ਸਨ, ਜਿਨ੍ਹਾਂ ਨੇ ਪ੍ਰੰਪਰਾਗਤ ਜਾਤੀਵਾਦ ਦੇ ਬੰਧਨਾ ਨੂੰ ਚਕਨਾ-ਚੂਰ ਕਰਨ ਦੇ ਲਈ ਸਾਮੰਤਸ਼ਾਹੀ ਅਤੇ ਰੂੜਵਾਦੀ ਲੋਕਾਂ ਦਾ ਡੱਟ ਕੇ ਮੁਕਾਬਲਾ ਕੀਤਾ। ਗੁਰੂ ਰਵਿਦਾਸ ਜੀ ਨੇ ਆਪਣੇ ਸੰਘਰਸ਼ਮਈ ਜੀਵਨ ਦੁਆਰਾ ਸੁੱਤੇ ਹੋਏ ਭਾਰਤੀ ਸਮਾਜ ਨੂੰ ਜਗਾਇਆ। ਉਸ ਸਮੇਂ ਦੇ ਕਈ ਰਾਜਿਆਂ ਨੇ ਆਪਜੀ ਨੂੰ ਆਪਣਾ ਰਾਜਗੁਰੂ ਬਣਾਇਆ ਉਨ੍ਹਾਂ ਵਿੱਚ ਰਾਣਾ ਕੁੰਭਾ, ਰਾਜਾ ਨਾਗਰਮਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਪੰਡਿਤ ਸ਼ਰਧਾ ਰਾਮ, ਰਾਜਾ ਬੈਨ ਸਿੰਘ, ਰਾਮ ਲਾਲ, ਰਾਜਾ ਚੰਦਰਹਾਂਸ, ਪੰਡਿਤ ਗੰਗਾ ਰਾਮ, ਰਾਜਾ ਚੰਦਰ ਪ੍ਰਤਾਪ, ਰਾਉ ਦੂਦਾ, ਹਰਦੇਵ ਸਿੰਘ ਨਾਗਰ, ਵੀਰ ਸਿੰਘ ਬਘੇਲਾ, ਰਾਣਾ ਸਾਂਗਾ, ਬੀਬੀ ਭਾਨਮਤੀ, ਰਾਣੀ ਝਾਲੀ, ਮੀਰਾ ਬਾਈ ਪ੍ਰਸਿੱਧ ਹਨ। ਇਨ੍ਹਾਂ ਦੇ ਨਾਲ ਨਾਲ ਦੇਸ਼ ਵਿਦੇਸ਼ ਦੇ ਲੋਕਾਂ ਨੇ ਵੀ ਆਪਜੀ ਦੀ ਧਾਰਮਿਕ ਵਿਚਾਰਧਾਰਾ ਦਾ ਸਮਰਥਨ ਕੀਤਾ। ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨਵਤਾ ਦੀ ਪੂਰੀ ਸੁਤੰਤਰਤਾ ਹੈ।

ਬੇਗਮਪੁਰਾ ਸਹਿਰ ਕੋ ਨਾਉ, ਦੂਖੁ ਅੰਦੋਹੁ ਨਹੀਂ ਤਿਹ ਠਾਉ॥
ਨਾ ਤਸਵੀਸ ਖਿਰਾਜੁ ਨਾ ਮਾਲੁ। ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ।
ਉਹਾਂ ਖੈਰਿ ਸਦਾ ਮੇਰੇ ਪਾਈ॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ।
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ।
ਉਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ।
ਮਹਰਮ ਮਹੁਲ ਨ ਕੋ ਅਟਕਾਵੈ।
ਕਹਿ ਰਵਿਦਾਸ ਖਲਾਸੁ ਚਮਾਰਾ।
ਜੋ ਹਮ ਸਹਰੀ ਸੋ ਮੀਤੁ ਹਮਾਰਾ॥੩॥

ਸਤਿਗੁਰੂ ਰਵਿਦਾਸ ਜੀ ਨੇ ਪ੍ਰਮਾਤਮਾ ਦੀ ਅਸਲ ਭਾਵਨਾ, ਮੂਰਤੀ ਪੂਜਾ, ਅਵਤਾਰਵਾਦ, ਕਰਮਕਾਂਡ ਵਰਗੇ ਧਾਰਮਿਕ ਮਾਨਤਾ ਦਾ ਖੰਡਨ ਕੀਤਾ।

ਰਵਿਦਾਸ ਇਕ ਹੀ ਨੂਰ ਤੇ, ਜਿਮਿ ਉਪਜਿਯੋ ਸੰਸਾਰ॥
ਊਚ ਨੀਚ ਕਿਹ ਬਿਧਿ ਭਏ, ਬਾਹਮਣ ਅਰੁ ਚਮਾਰ॥

ਸ਼੍ਰੀ ਗੁਰੂ ਰਵਿਦਾਸ ਜੀ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡਟਵਾਂ ਵਿਰੋਧ ਕੀਤਾ:-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।
ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।
ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।
ਇੱਕ ਸੁੱਖ ਹੈ ਸਵਰਾਜ ਮਹਿ ਦੂਸਰ ਮਰਘਟ ਗਾਂਵ।

ਗੁਰੂ ਰਵਿਦਾਸ ਜੀ ਨੇ ਅੰਧਵਿਸਵਾਸ ਦਾ ਵੀ ਡਟਕੇ ਵਿਰੋਧ ਕੀਤਾ ਹੈ ਅਤੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ:-

ਹਰਿ ਸੋ ਹੀਰਾ ਛਾਡਿਕੈ, ਕਰਿਹ ਆਨ ਕੀ ਆਸ।
ਤੈ ਨਰ ਦੋਜਿਖ ਜਾਹਿਗੇ, ਸਤਿ ਭਾਖੇ ਰਵਿਦਾਸ। ਸੋਹੰ
ਜਹਾਂ ਅੰਧ ਵਿਸ਼ਵਾਸ ਹੈ, ਸਚਿ ਪਰਖ ਤਹਿ ਨਾਹੀ।
ਰਵਿਦਾਸ ਸਚਿ ਸੋਈ ਜਾਨਿ, ਜੋ ਅਨੁਭਵ ਹੋਵਿ ਮਨ ਮਾਹ।

ਗੁਰੂ ਰਵਿਦਾਸ ਜੀ ਨੇ ਸਭ ਨੂੰ ਮਿਲਕੇ ਇਕੱਠੇ ਰਹਿਣ ਲਈ ਕਿਹਾ ਹੈ:-

ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ॥

ਗੁਰੂ ਰਵਿਦਾਸ ਜੀ ਨੇ ਵੱਖ ਪ੍ਰਾਂਤਾ ਦੀਆਂ ਯਾਤਰਾਵਾਂ ਕਰਕੇ ਛੇ ਉਦਾਸੀਆ ਕੀਤੀਆ। ਆਪਜੀ ਪਹਿਲੀ ਉਦਾਸੀ ਦੌਰਾਨ ਨਾਗਪੁਰ, ਭਾਗਲਪੁਰ, ਬੀਜਾਪੁਰ, ਭੋਪਾਲ, ਅਜਮੇਰ, ਅਯੁਧਿਆ, ਹੈਦਰਾਬਾਦ, ਬੰਬਈ, ਕਰਾਚੀ, ਚਿਤੌੜ, ਜਲਾਲਾਬਾਦ, ਸ਼੍ਰੀਨਗਰ, ਡਲਹੌਜੀ, ਗੋਰਖਪੁਰ ਆਦਿ ਸਥਾਨਾਂ ਤੇ ਗਏ। ਇਸ ਮੌਕੇ ਆਪਜੀ ਦਾ ਪੁੱਤਰ ਵਿਜੈ ਦਾਸ ਅਤੇ ਸਤਿਗੁਰੂ ਕਬੀਰ ਜੀ ਵੀ ਨਾਲ ਸਨ। ਦੂਜੀ ਉਦਾਸੀ ਦੌਰਾਨ ਆਪ ਗੋਰਖਪੁਰ, ਪ੍ਰਤਾਪਗੜ, ਸ਼ਾਹਜਹਾਂਪੁਰ ਆਦਿ ਸਥਾਨਾਂ ਤੇ ਗਏ। ਤੀਜੀ ਉਦਾਸੀ ਦੌਰਾਨ ਆਪ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਸਥਾਨਾਂ ਤੇ ਗਏ। ਚੋਥੀ ਉਦਾਸੀ ਦੌਰਾਨ ਆਪ ਵੱਖ ਵੱਖ ਤੀਰਥ ਸਥਾਨਾਂ ਹਰਿਦੁਆਰ, ਗੋਦਾਵਰੀ, ਕੁਰਕੁਸ਼ੇਤਰ, ਤਰਿਵੈਣੀ ਆਦਿ ਸਥਾਨਾਂ ਤੇ ਗਏ। ਪੰਜਵੀ ਉਦਾਸੀ ਆਪਜੀ ਨੇ ਗਾਜੀਪੁਰ ਦੀ ਕੀਤੀ। ਛੇਵੀਂ ਉਦਾਸੀ ਗੁਰੂ ਰਵਿਦਾਸ ਜੀ ਨੇ ਪੰਜਾਬ ਦੀ ਕੀਤੀ। ਆਪਜੀ ਲੁਧਿਆਣਾ ਹੁੰਦੇ ਹੋਏ ਪਿੰਡ ਚੱਕ ਹਕੀਮ ਪਹੁੰਚੇ, ਜਲੰਧਰ, ਸੁਲਤਾਨਪੁਰ ਲੋਧੀ, ਕਪੂਰਥਲਾ, ਖੁਰਾਲਗੜ੍ਹ ਆਦਿ ਸਥਾਨਾਂ ਤੇ ਗਏ।

ਇਤਿਹਾਸਕ ਧਰਮ ਅਸਥਾਨ ਖੁਰਾਲਗੜ੍ਹ (ਖੁਰਾਲੀ), ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ (ਪੰਜਾਬ) ਦੀ ਧਰਤੀ ਸ਼੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਤਿਹਾਸਕਾਰਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਸੀਰ ਗੋਵਰਧਨਪੁਰ ਬਨਾਰਸ (ਕਾਂਸ਼ੀ) ਯੂ. ਪੀ. ਤੋਂ ਪੈਦਲ ਲੁਧਿਆਣਾ ਹੁੰਦੇ ਹੋਏ ਸੰਨ 1515 ਈਸਵੀ ਵਿੱਚ ਇਸ ਅਸਥਾਨ ਤੇ ਆਏ ਸਨ। ਸ੍ਰੀ ਗੁਰੂ ਰਵਿਦਾਸ ਜੀ ਦੇ ਇਸ ਅਸਥਾਨ ਤੇ ਪਹੁੰਚਣ ਸਮੇਂ ਉਨ੍ਹਾਂ ਦੀਆਂ ਸੇਵਕਾਵਾਂ ਮੀਰਾ ਬਾਈ, ਝਾਲਾਂ ਬਾਈ ਅਤੇ ਭਾਨਵਤੀ ਜੀ ਵੀ ਨਾਲ ਸਨ। ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਇਸ ਅਸਥਾਨ ਤੇ 4 ਸਾਲ 2 ਮਹੀਨੇ 11 ਦਿਨ ਠਹਿਰੇ। ਇਸ ਸਮੇਂ ਉਹ ਖੁਦ ਪ੍ਰਭੂ ਦਾ ਨਾਮ ਸਿਮਰਨ ਕਰਦੇ, ਸੰਗਤਾਂ ਨੂੰ ਸੁਣਾਉਂਦੇ ਅਤੇ ਜੀਵਾਂ ਨੂੰ ਨਾਮ ਸਿਮਰਨ ਦੀ ਬਖਸ਼ਿਸ਼ ਕਰਦੇ ਰਹੇ। ਬਹੁਤ ਸਾਰੇ ਪ੍ਰਾਣੀ ਉਨ੍ਹਾਂ ਦੇ ਸੇਵਕ ਬਣ ਗਏ। ਗੁਰੂ ਜੀ ਦੀ ਮਹਿਮਾ ਨੂੰ ਵਧਦਿਆਂ ਵੇਖ ਕੇ ਉਸ ਸਮੇਂ ਦਾ ਰਾਜਾ ਬੈਨ ਸਿੰਘ ਗੁਰੂ ਜੀ ਨਾਲ ਈਰਖਾ ਕਰਨ ਲੱਗਾ। ਰਾਜੇ ਨੇ ਗੁਰੂ ਜੀ ਨੂੰ ਖਰਾਸ (ਚੱਕੀ) ਚਲਾਉਣ ਦੀ ਸ਼ਜਾ ਦਿੱਤੀ। ਗੁਰੂ ਜੀ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਖਰਾਸ (ਚੱਕੀ) ਆਪਣੇ ਆਪ ਚੱਲਣ ਲੱਗ ਪਈ। ਇਸ ਚਮਤਕਾਰ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਰਾਜਾ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਤਰ੍ਹਾਂ ਉਸਨੇ ਆਪਣੀ ਭੁੱਲ ਬਖਸ਼ਾਈ। ਇਸ ਤੋਂ ਬਾਅਦ ਰਾਜਾ ਅਤੇ ਇਲਾਕੇ ਦੀ ਜਨਤਾ ਨੇ ਗੁਰੂ ਜੀ ਕੋਲ ਇਸ ਇਲਾਕੇ ਵਿੱਚ ਪਾਣੀ ਦੀ ਘਾਟ ਦੂਰ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਨੇ ਸੰਗਤਾਂ ਨੂੰ ਨਾਲ ਲੈ ਕੇ ਇੱਥੋਂ 3 ਮੀਲ ਦੂਰ ਡੂੰਘੀ ਖੱਡ ਵਿਚ ਜਾ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਭਾਰੀ ਪੱਥਰ ਹਟਾ ਕੇ ਪਾਣੀ ਦਾ ਚਸ਼ਮਾ ਵਗਾ ਦਿੱਤਾ ਜਿਸ ਨੂੰ ਚਰਨ ਛੋਹ ਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਪਵਿੱਤਰ ਜਲ 24 ਘੰਟੇ ਚਲਦਾ ਰਹਿੰਦਾ ਹੈ। ਇਸ ਜਲ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ 200 ਮੀਟਰ ਦੇ ਅੰਦਰ ਹੀ ਧਰਤੀ ਵਿਚੋਂ ਨਿਕਲਦਾ ਹੈ ਅਤੇ ਇਸੇ ਹੀ ਥਾਂ ਰਹਿ ਜਾਂਦਾ ਹੈ। ਇਸ ਦੇ ਦੁਆਲੇ ਦੇ ਖੇਤਰ ਵਿਚ ਧਰਤੀ ਵਿੱਚ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿਚ ਮਿਲਦਾ ਹੈ। ਗੁਰੂ ਰਵਿਦਾਸ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ। ਬਹੁਤੇ ਇਤਿਹਾਸਕਾਰਾਂ ਅਨੁਸਾਰ ਆਪ 151 ਸਾਲ ਦੀ ਆਯੂ ਭੋਗਕੇ ਸੰਮਤ 1584 ਨੂੰ ਜੋਤੀ ਜੋਤ ਸਮਾ ਗਏ। ਚਿਤੌੜਗੜ੍ਹ ਵਿੱਚ ਮੀਰਾਂ ਬਾਈ ਦੇ ਮੰਦਿਰ ਦੇ ਬਾਹਰ ਬਣੀ ਛੱਤਰੀ ਹੇਠਾਂ ਆਪਜੀ ਦੇ ਚਰਨ ਕਮਲਾਂ ਦੇ ਨਿਸ਼ਾਨ ਮੌਜੂਦ ਹਨ। ਅੱਜ 10 ਫਰਵਰੀ, 2017 ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦਾ ਪ੍ਰਗਟ ਉਤਸਵ ਦੇਸ਼ ਵਿਦੇਸ਼ਾਂ ਵਿੱਚ ਸ਼ਰਧਾਪੂਰਵਕ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਅੱਜ ਵੀ ਸਮਾਜ ਵਿੱਚ ਵੰਡੀਆਂ ਪਈਆਂ ਹੋਈਆਂ ਹਨ ਅਤੇ ਉਨ੍ਹਾਂ ਵਲੋਂ ਕਲਪਨਾ ਕੀਤੇ ਗਏ ਜਾਤ ਅਤੇ ਵਰਗ ਰਹਿਤ ਸਮਾਜ ਦੀ ਸਿਰਜਣਾ ਕਰਨ ਲਈ ਕਾਫੀ ਕੁੱਝ ਹੋਰ ਕਰਨ ਦੀ ਲੋੜ ਹੈ।


ਸ੍ਰੀਮਤੀ ਅਤੇ ਸ੍ਰੀ ਚੰਦਨ ਸਿੰਘ

ਚੰਦਨ ਸਿੰਘ
ਡਾਇਰੈਕਟਰ
ਅਰਮਾਨ ਮਿਊਜ਼ੀਕਲ ਪ੍ਰੋਡਕਸ਼ਨ

## ਅਰਮਾਨ ਮਿਊਜ਼ਿਕ ਪ੍ਰੋਡਕਸ਼ਨ ਵੱਲੋਂ ਗਾਇਕ ਅਮਰਜੀਤ ਲਾਲੀ ਦਾ ਸਿੰਗਲ ਟਰੈਕ ਰਿਲੀਜ਼

**ਫਰੀਮਾਂਟ-** ਅਰਮਾਨ ਮਿਊਜ਼ਿਕ ਪ੍ਰੋਡਕਸ਼ਨ (ਯੂ. ਐਸ. ਏ.) ਵੱਲੋਂ ਗਾਇਕ ਅਮਰਜੀਤ ਲਾਲੀ ਦਾ ਨਵਾਂ ਸਿੰਗਲ ਟਰੈਕ 'ਗੁਰੂ ਜੀ ਦਰਸ਼ਨ ਤੇਰੇ ਕਰਕੇ' ਰਿਲੀਜ਼ ਕੀਤਾ ਗਿਆ ਹੈ। ਇਸਦਾ ਵੀਡੀਓ ਅਤੇ ਮਿਊਜ਼ਿਕ ਚੰਦਨ ਸਿੰਘ ਨੇ ਕੀਤਾ ਹੈ। ਇਸ ਗੀਤ ਨੂੰ ਲਿਖਿਆ ਵੀ ਚੰਦਨ ਸਿੰਘ ਨੇ ਹੀ ਹੈ। ਇਸ ਟਰੈਕ ਨੂੰ ਸੁਣਨ ਅਤੇ ਸ਼ੇਅਰ ਕਰਨ ਲਈ ਅਮਰਜੀਤ ਲਾਲੀ 916-842-8432 ਤੇ ਸੰਪਰਕ ਕੀਤਾ ਜਾ ਸਕਦਾ ਹੈ। ਕੰਪਨੀ ਵੱਲੋਂ ਦਰਸ਼ਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਹੈ ਕਿ ਇਸ ਗੀਤ ਨੂੰ ਸੁਣ ਅਤੇ ਦੇਖ ਕੇ ਗੁਰੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੋ ਜੀ।


ਅਮਰਜੀਤ ਲਾਲੀ

# ਵੱਡਾ ਘੱਲੂਘਾਰਾ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਇਤਿਹਾਸ ਦਾ ਪੰਨਾ ਪੰਨਾ ਲਾਸਾਨੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਮੁਗਲ ਸਾਸ਼ਕਾਂ ਨੇ ਜਬਰੀ ਧਰਮ ਤਬਦੀਲ ਕਰਨ ਦੇ ਇਰਾਦੇ ਨਾਲ ਜ਼ੁਲਮ ਢਾਏ। ਅੱਗੋਂ ਸਿੱਖਾਂ ਨੇ ਅਜਿਹੀ ਸ਼ਿੱਦਤ ਨਾਲ ਹਰ ਅੱਤਿਆਚਾਰ ਪਿੰਡੇ ਤੇ ਹੰਢਾ ਕੇ ਆਪਣੇ ਨਿਸਚੈ ਵਿਚ ਪੱਕੇ ਰਹਿ ਕੇ ਜ਼ੁਲਮ ਦੇ ਥੰਮ ਹਿਲਾ ਦਿੱਤੇ। ਇਨ੍ਹਾਂ ਘੱਲੂਘਾਰਿਆਂ ਵਿਚ 'ਵੱਡਾ ਘੱਲੂਘਾਰਾ' ਵੀ ਵਾਪਰਿਆ। ਜਿਵੇਂ ਕਿ ਅਫਗਾਨੀ ਹਮਲਾਵਰਾਂ ਦਾ ਸਿੱਖਾਂ ਨੂੰ ਖਤਮ ਕਰਨ ਦਾ ਖ਼ੂਨੀ ਇਰਾਦਾ ਸੀ। ਸਿੱਖਾਂ ਦਾ ਕਤਲੇਆਮ ਦੋ ਦਹਾਕੇ ਚਲਦਾ ਰਿਹਾ। 1746 ਦੇ ਹੋਏ ਛੋਟੇ ਘੱਲੂਘਾਰੇ ਤੋਂ ਬਾਅਦ ਵੱਡੇ ਪੱਧਰ ਤੇ ਹੋਏ ਕਤਲੇਆਮ ਨੂੰ 'ਵੱਡਾ ਘੱਲੂਘਾਰਾ' ਕਿਹਾ ਜਾਣ ਲੱਗਾ। ਗੁਰਦੁਆਰਾ ਵੱਡਾ ਘੱਲੂਘਾਰਾ ਸਾਹਿਬ ਪਿੰਡ ਕੁਤਬਾ-ਬਾਹਮਣੀਆਂ ਵਿਚ ਸਥਿਤ ਹੈ। ਘੱਲੂਘਾਰਾ ਸ਼ਬਦ ਅਫਗਾਨੀ ਬੋਲੀ ਤੋਂ ਆਇਆ ਹੈ ਜਿਸ ਅਨੁਸਾਰ ਸਭ ਕੁਝ ਤਬਾਹ ਕਰ ਦੇਣਾ ਹੈ।

ਵੱਡਾ ਘੱਲੂਘਾਰਾ 1762 ਨੂੰ ਪਿੰਡ ਕੁਪ-ਰਹੀੜੇ ਤੋਂ ਸ਼ੁਰੂ ਹੋ ਕੇ ਧਲੇਰ-ਝਨੇਰ ਵਿਚੋਂ ਹੁੰਦਾ ਹੋਇਆ ਪਿੰਡ ਕੁਤਬਾ-ਬਾਹਮਣੀਆਂ ਕੋਲ ਜਾ ਕੇ ਖਤਮ ਹੋਇਆ। ਮੁਗਲ ਬਾਦਸ਼ਾਹ ਜਵਾਨੀ ਦੀ ਉਮਰ ਵਿਚ ਹੀ ਸਾਸ਼ਕ ਬਣ ਬੈਠਾ ਸੀ। ਉਸ ਵਿਚ ਆਪਣੇ ਰਾਜ਼ ਨੂੰ ਵਧਾਉਣ ਦਾ ਹੋਸ਼ ਸੀ। ਇਸੇ ਹੰਕਾਰ ਵੱਸ ਉਸਨੇ ਭਾਰਤ 'ਤੇ 10 ਧਾੜਵੀ ਹਮਲੇ ਕੀਤੇ। ਇਹ ਛੇਵਾਂ ਹਮਲਾ ਸੀ। 1761 ਵਿਚ ਮਰਹੱਟਿਆਂ ਦੀ ਬਹਾਦਰ ਫ਼ੌਜ ਨੂੰ ਪਾਣੀਪੱਤ ਦੀ ਫੈਸਲਾਕੁੰਨ ਲੜਾਈ ਵਿਚ ਹਰਾਉਣ ਤੋਂ ਬਾਅਦ ਉਸਦੇ ਹੌਸਲੇ ਬੁਲੰਦ ਸਨ। ਅਬਦਾਲੀ ਜਦੋਂ ਦਿੱਲੀ ਤੋਂ ਪਰਤ ਰਿਹਾ ਸੀ ਤਾਂ ਲੁੱਟ ਦੇ ਸਮਾਨ ਦੇ ਨਾਲ ਹੀ ਔਰਤਾਂ ਨੂੰ ਵੀ ਇੱਜੜ ਵਾਂਗ ਹੱਕ ਕੇ ਲੈ ਜਾਂਦਾ, ਘਰਾਂ ਦਾ ਸਮਾਨ ਗਹਿਣਾ-ਗੱਟਾ ਲੁੱਟ ਕੇ ਜਾਂਦਾ ਤਦ ਕਿਹਾ ਜਾਦਾ ਸੀ ਕਿ 'ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ' ਜਾਂ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਇਹ ਸਿੰਘ ਹੀ ਸਨ ਜੋ ਤੁਰਕਾਂ ਨੂੰ ਵੰਗਾਰਦੇ ਸਨ। ਉਨ੍ਹਾਂ ਨੇ ਤੁਰਕਾਂ ਨੂੰ ਕਈ. ਵਾਰ ਸਤਲੁਜ ਝਨਾਬ ਤੇ ਰਾਵੀ ਦਰਿਆਵਾਂ ਤੇ ਰਾਹੇ-ਰਾਹੇ ਪਾਇਆ ਸੀ। ਜਦੋਂ ਸਿੰਘਾਂ ਦੀ ਟੱਕਰ ਹੁੰਦੀ ਤਾਂ ਉਹ ਔਰਤਾਂ ਨੂੰ ਛੁਡਾ ਕੇ ਘਰਾਂ ਵਿਚ ਛੱਡ ਆਉਂਦੇ ਪਰ ਘੋੜੇ ਅਤੇ ਮਾਲ ਖਜ਼ਾਨਾ ਆਪ ਰੱਖ ਲੈਂਦੇ ਸਨ। ਅਬਦਾਲੀ ਨੇ ਮਤਾ ਪਕਾਇਆ ਕਿ ਸਿੰਘਾਂ ਨੂੰ ਪੱਕੇ ਪੈਰੀ ਤਿਆਰੀ ਨਾਲ ਸਬਕ ਸਿਖਾਇਆ ਜਾਵੇ।

1761 ਦੀ ਦੀਵਾਲੀ ਤੋਂ ਬਾਅਦ ਸਿੰਘਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਉਦੋਂ ਹੀ ਜੱਸਾ ਸਿੰਘ ਆਹਲੂਵਾਲੀਆ ਨੂੰ 'ਸਲੁਤਾਨ ਉਲ ਕੌਮ' ਦਾ ਖਿਤਾਬ ਦਿੱਤਾ ਗਿਆ। ਉਦੋਂ ਹੀ ਸਿੰਘਾਂ ਨੂੰ ਪਤਾ ਲੱਗਾ ਕਿ ਅਬਦਾਲੀ ਵੱਡੀ ਫੌਜ ਲੈ ਕੇ ਹਮਲਾ ਕਰ ਰਿਹਾ ਹੈ। ਸਿੰਘਾਂ ਨੇ ਕਾਫਲਾ ਬਣਾ ਕੇ ਬੱਚੇ-ਬੁੱਢੇ, ਔਰਤਾਂ ਨੂੰ ਬੀਕਾਨੇਰ ਦੇ ਜੰਗਲਾਂ ਵਿਚ ਭੇਜ ਦਿੱਤਾ। ਸਿੰਘਾਂ ਨੇ ਤਿਆਰੀ ਫੜ ਲਈ, ਜਿੱਥੇ ਜਿੱਥੇ ਵੀ ਸਿੰਘਾਂ ਨੂੰ ਹਮਲੇ ਦਾ ਪਤਾ ਲੱਗਾ, ਉਹ ਇਕੱਠੇ ਹੋਣੇ ਸ਼ੁਰੂ ਹੋ ਗਏ। ਸਿੰਘ ਸਤਲੁਜ ਪਾਰ ਕਰਕੇ ਅਹਿਮਦਗੜ੍ਹ ਮੰਡੀ ਕੋਲ ਪਹੁੰਚ ਗਏ। ਰਾਤ ਕੱਟਣ ਲਈ ਪਿੰਡ ਜੰਡਾਲੀ ਤੋਂ ਅੱਗੇ ਪਿੰਡ ਰੁਹੀੜੇ ਦਰਖਤਾਂ ਅਤੇ ਝਾੜੀਆਂ ਦੀ ਆੜ ਵਿਚ ਇਕੱਠੇ ਹੋ ਗਏ। ਜੈਨ ਖਾਨ ਨਵਾਬ ਮਲੇਰਕੋਟਲਾ ਵੀ ਮੁਗਲ ਫੌਜ ਲੈ ਕੇ ਆ ਗਿਆ। ਇਕੱਠੇ ਹੋਏ ਸਿੰਘਾਂ ਨੂੰ ਤਿੰਨ ਪਾਸਿਆਂ ਤੋਂ ਘੇਰ ਲਿਆ ਗਿਆ। ਪਹਿਲਾਂ ਤਾਂ ਸਿੰਘਾਂ ਨੂੰ ਪਤਾ ਹੀ ਨਾ ਲੱਗਾ ਪਰ ਛੇਤੀ ਸੰਭਲ ਗਏ। ਸਿੰਘ ਬਾਜ਼ ਦੀ ਤਰ੍ਹਾਂ ਵੈਰੀ ਤੇ ਟੁੱਟ ਪਏ। ਉਹ ਜਿਹੜੇ ਵੀ ਹਾਲ ਵਿਚ ਸਨ, ਜਿਹੜਾ ਵੀ ਹਥਿਆਰ ਉਨ੍ਹਾ ਦੇ ਹੱਥ ਆਇਆ, ਮੁਕਾਬਲਾ ਕਰਨ ਲੱਗੇ।



ਸਿੰਘਾਂ ਨੇ ਜਾਣ ਲਿਆ ਸੀ ਕਿ ਦੁਸ਼ਮਣ ਤੋਂ ਬਚਣਾ ਮੁਸ਼ਕਿਲ ਹੈ, ਇਸ ਲਈ ਜੂਝ ਕੇ ਲੜਨਾ ਹੀ ਬਿਹਤਰ ਹੈ।

ਰੋਹ ਵਿਚ ਆ ਕੇ ਸਿੰਘ ਬੜੇ ਜੋਸ਼ ਨਾਲ ਮੁਕਾਬਲਾ ਕਰਦੇ ਗਏ। ਚੜ੍ਹਤ ਸਿੰਘ ਸ਼ੁਕਰਚੱਕੀਆ, ਜਥੇਦਾਰ ਜੱਸਾ ਸਿੰਘ, ਰਾਮ ਸਿੰਘ, ਬਘੇਲ ਸਿੰਘ ਅਤੇ ਸ਼ੇਰ ਸਿੰਘ ਸਮੇਤ ਸਿੰਘ ਬਚਦੇ ਬਚਾਉਂਦੇ ਇੰਨੀ ਬਹਾਦਰੀ ਨਾਲ ਲੜੇ। ਸਿੰਘ ਜ਼ਖਮੀ ਹੁੰਦੇ ਵੀ ਦੁਸ਼ਮਣ ਤੇ ਵਾਰ ਕਰੀ ਜਾਂਦੇ। ਸਿੰਘ ਪੂਰਾ ਤਾਣ ਲਾ ਕੇ ਲੜੇ। ਅਬਦਾਲੀ ਦੀ ਫੌਜ ਵੀ ਵੱਡੀ ਗਿਣਤੀ ਵਿਚ ਮਾਰੀ ਜਾ ਰਹੀ ਸੀ। ਇਸ ਘਮਾਸਾਨ ਯੁੱਧ ਵਿਚ ਅਬਦਾਲੀ ਦੇ ਪੈਰ ਖਿਸਕ ਗਏ। ਇਕ ਪਾਸੇ ਤਨਖਾਹੀ ਫੌਜੀ ਦੂਜੇ ਪਾਸੇ ਸਿਰ ਤਲੀ ਤੇ ਧਰ ਕੇ ਲੜਨ ਵਾਲੇ ਸਿੰਘ ਸਨ। ਜਿਹਨਾਂ ਨੇ ਅਦਬਾਲੀ ਦੇ ਵੱਡੇ-ਵੱਡੇ ਜਰਨੈਲ ਭਜਾ ਦਿੱਤੇ। ਜੋ ਝਾੜੀਆਂ ਵਿਚ ਲੁਕ ਕੇ ਜਾਨ ਬਚਾ ਰਹੇ ਸਨ। ਇਹ ਸੋਚ ਰਹੇ ਸਨ ਕਿ ਇਹ ਆਦਮੀ ਹਨ ਜਾਂ ਫੌਲਾਦ। ਸਿੰਘਾਂ ਨੇ ਹਰ ਪਾਸੇ ਚਟਾਨ ਵਾਂਗ ਖੜੋ ਕੇ ਸਖਤ ਮੁਕਾਬਲਾ ਕੀਤਾ। ਸਿੰਘਾਂ ਨੇ ਅਬਦਾਲੀ ਦੇ ਚੋਟੀ ਦੇ ਫੌਜੀਆਂ ਨੂੰ ਖਤਮ ਕਰ ਦਿੱਤਾ ਸੀ। ਸਿੰਘ ਲੜਦੇ ਲੜਦੇ ਕੁਤਬਾ-ਬਾਹਮਣ-ੀਆ ਤੱਕ ਪਹੁੰਚ ਗਏ।

ਤੁਰਕ ਮਲੇਰਕੋਟਲਾ ਮੁੜ ਗਏ। ਖਿੰਡੇ-ਪੁੰਡੇ ਸਿੰਘ ਇਕੱਠੇ ਹੋ ਕੇ ਬਰਨਾਲਾ ਚਲਾ ਗਏ। ਇਸ ਵੱਡੇ ਘੱਲੂਘਾਰੇ ਦੀ ਘਮਾਸਾਨ ਦੀ ਲੜਾਈ ਵਿਚ ਇਤਿਹਾਸ ਅਨੁਸਾਰ ਲੱਗਭੱਗ 30 ਹਜ਼ਾਰ ਸਿੰਘ ਸ਼ਹੀਦ ਹੋਏ। ਤੁਰਕਾਂ ਨੇ ਜਾਣ ਲਿਆ ਸੀ ਕਿ ਸਿੰਘਾਂ ਨਾਲ ਟੱਕਰ ਲੈਣੀ ਆਸਾਨ ਨਹੀਂ ਹੈ। ਅਗਲੇ ਸਾਲ 1763 ਵਿਚ ਸਿੰਘਾਂ ਨੇ ਸਰਹਿੰਦ ਜਿੱਤ ਲਈ ਅਤੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਭਜਾ ਦਿੱਤਾ।

# ਸਾਹਿਬ ਕਾਂਸ਼ੀ ਰਾਮ ਜੀ - ਸ਼ੁਰੂਆਤੀ ਜੀਵਨ





ਸਤਵਿੰਦਰ ਕੁਮਾਰ ਮਦਾਰਾ
ਕੈਨੇਡਾ 639-317-4550

ਭਾਰਤ ਅੰਦਰ ਬਹੁਜਨ ਇਨਕਲਾਬ ਲਿਆਉਣ ਵਾਲੇ, ਸਾਹਿਬ ਕਾਂਸ਼ੀ ਰਾਮ ਜੀ ਦਾ ਜਨਮ 15 ਮਾਰਚ, 1934 ਨੂੰ ਉਹਨਾਂ ਦੇ ਨਾਨਕੇ ਪਿੰਡ ਪਿਰਥੀਪੁਰ ਬੁੰਗਾ ਸਾਹਿਬ, ਜਿਲ੍ਹਾ ਰੋਪੜ, ਪੰਜਾਬ ਵਿਖੇ ਹੋਇਆ। ਉਹਨਾਂ ਦਾ ਪਿੰਡ ਖੁਆਸਪੁਰ, ਜਿਲ੍ਹਾ ਰੋਪੜ, ਪੰਜਾਬ ਸੀ। ਉਹਨਾਂ ਦੇ ਪਿਤਾ ਜੀ ਦਾ ਨਾਮ ਸਰਦਾਰ ਹਰਿ ਸਿੰਘ ਅਤੇ ਮਾਤਾ ਜੀ ਦਾ ਨਾਮ ਬਿਸ਼ਨ ਕੌਰ ਸੀ, ਜੋ ਕਿ ਰਾਮਦਾਸੀਆ ਸਿੱਖ (ਚਮਾਰ ਜਾਤੀ ਤੋਂ ਬਣੇ ਸਿੱਖ) ਸਨ। ਸਾਹਿਬ ਕਾਂਸ਼ੀ ਰਾਮ ਦੇ ਪਰਿਵਾਰ ਵਿੱਚ ਵੀ ਬਾਬਾ ਸਾਹਿਬ ਅੰਬੇਡਕਰ ਦੇ ਪਰਿਵਾਰ ਵਾਂਗ ਹੀ ਲੋਗ ਫੌਜ ਵਿੱਚ ਰਹਿ ਚੁੱਕੇ ਸਨ, ਉਹਨਾਂ ਦੇ ਦਾਦਾ ਜੀ ਅਤੇ ਚਾਚਾ ਜੀ ਫੌਜੀ ਸਨ। ਉਹਨਾਂ ਦਾ ਨਾਂ ਕਾਂਸ਼ੀ ਰਾਮ ਰੱਖਣ ਪਿੱਛੇ ਭੀ ਇਕ ਕਹਾਣੀ ਹੈ, ਜਦੋਂ ਸਾਹਿਬ ਕਾਂਸ਼ੀ ਰਾਮ ਦਾ ਜਨਮ ਹੋਇਆ, ਉਸ ਖੇਤਰ ਵਿੱਚ ਕਾਂਸ਼ੀ ਰਾਮ ਨਾਂ ਦਾ ਇੱਕ ਮਸ਼ਹੂਰ ਸਮਾਜ ਸੁਧਾਰਕ ਹੋਇਆ ਕਰਦਾ ਸੀ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੀ ਮਾਤਾ ਜੀ ਨੇ ਉਹਨਾਂ ਤੋਂ ਪ੍ਰਭਾਵਿਤ ਹੋਕੇ ਇਹ ਨਾਂ ਉਹਨਾਂ ਨੂੰ ਦਿੱਤਾ। ਸ਼ਾਇਦ ਹੀ ਉਹਨਾਂ ਨੂੰ ਇਸ ਗੱਲ ਦਾ ਅੰਦਾਜ਼ਾ ਹੋਣਾ ਕਿ ਇਕ ਦਿਨ ਉਹਨਾਂ ਦੇ ਬੇਟੇ ਦਾ ਨਾਂ ਐਂਨਾ ਰੋਸ਼ਨ ਹੋਣਾ ਕਿ ਉਸ ਸਮਾਜ ਸੁਧਾਰਕ ਕਾਂਸ਼ੀ ਰਾਮ ਜੀ ਨੂੰ ਲੋਗ ਉਹਨਾਂ ਦੇ ਬੇਟੇ ਕਰਕੇ ਹੀ ਯਾਦ ਕਰਨਗੇ।

ਸਾਹਿਬ ਕਾਂਸ਼ੀ ਰਾਮ ਜੀ ਦੇ ਤਿੰਨ ਭਰਾ ਅਤੇ ਤਿੰਨ ਭੈਣਾਂ ਸਨ, ਉਹ ਉਮਰ ਵਿੱਚ ਸਬ ਨਾਲੋਂ ਬੜੇ ਸਨ। ਉਹਨਾ ਨੇ ਚੌਥੀ ਤਕ ਦੀ ਪੜ੍ਹਾਈ ਮਲਕਪੁਰ ਦੇ ਪ੍ਰਾਇਮਰੀ ਸਕੂਲ ਵਿਚ ਕੀਤੀ, ਜੋ ਕਿ ਉਹਨਾਂ ਦੇ ਪਿੰਡ ਖੁਆਸਪੁਰ ਤੋਂ 2 ਕਿਲੋਮੀਟਰ ਦੀ ਦੂਰੀ ਤੇ ਸੀ। ਪੰਜਵੀਂ ਤੋਂ ਲੈ ਕੇ ਅੱਠਵੀਂ ਤਕ ਦੀ ਪੜ੍ਹਾਈ ਉਹਨਾਂ ਇਸਲਾਮੀਆ ਹਾਈ ਸਕੂਲ, ਰੋਪੜ ਤੋਂ ਕਿੱਤੀ ਅਤੇ ਨੌਵੀਂ ਤੇ ਦਸਵੀਂ, DAV ਸਕੂਲ, ਰੋਪੜ ਤੋਂ। ਸਾਲ 1956 ਵਿੱਚ ਉਹਨਾਂ ਰੋਪੜ ਦੇ ਸਰਕਾਰੀ ਕਾਲਜ ਤੋਂ ਪਾਸ ਕੀਤੀ। ਸਾਹਿਬ ਕਾਂਸ਼ੀ ਰਾਮ ਆਪਣੀ ਪੜ੍ਹਾਈ ਵਿੱਚ ਸ਼ੁਰੂ ਤੋਂ ਹੀ ਕਾਫ਼ੀ ਹੋਣਹਾਰ ਸਨ। ਸਨ 2001 ਵਿੱਚ ਜਲੰਧਰ, ਪੰਜਾਬ ਵਿੱਚ ਪੱਛੜੀਆਂ ਜਾਤਾਂ ਦੇ ਇਕ ਕੈਡਰ ਕੈਂਪ ਵਿੱਚ ਉਹਨਾਂ ਦੱਸਿਆ ਕਿ ਉਹ ਆਪਣੀ ਕਲਾਸ ਵਿੱਚ ਸਬ ਤੋਂ ਅੱਗੇ ਸਨ ਅਤੇ ਇਕ ਬਾਹਮਣ ਲੜਕਾ, ਓਮ ਪ੍ਰਕਾਸ਼ ਸਬ ਤੋਂ ਪਿੱਛੇ ਸੀ। ਇਸ ਕਰਕੇ ਉਹਨਾਂ ਦੇ ਮਾਸਟਰ ਜਾਣ ਬੁੱਝ ਕੇ ਉਸ ਨੂੰ ਉਹਨਾਂ ਨਾਲ ਬਹਾਲਦੇ ਸੀ, ਤਾਂ ਕਿ ਉਸ ਉਪਰ ਕੁਛ ਅਸਰ ਪੈ ਸਕੇ ਅਤੇ ਉਹ ਪੜ੍ਹਾਈ ਵਿੱਚ ਕੁਛ ਅੱਗੇ ਵੱਧ ਸਕੇ।

ਸਾਹਿਬ ਕਾਂਸ਼ੀ ਰਾਮ ਸਿਹਤ ਪੱਖੋਂ ਭੀ ਕਾਫ਼ੀ ਤੰਦਰੁਸਤ ਸਨ ਅਤੇ ਉਹਨਾਂ ਨੂੰ ਖੇਡਾਂ ਦਾ ਭੀ ਕਾਫ਼ੀ ਸ਼ੌਕ ਸੀ, ਖਾਸ ਕਰਕੇ ਕੁਸ਼ਤੀ ਅਤੇ ਕਬੱਡੀ ਦਾ। ਉਹਨਾਂ ਸਕੂਲ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਭੀ ਕਾਫ਼ੀ ਹਿੱਸਾ ਲਿਆ ਅਤੇ ਕਈ ਤਗਮੇ ਜਿੱਤੇ। ਸੁਭਾਅ ਪੱਖੋਂ ਉਹਨਾਂ ਨੂੰ ਕਾਫ਼ੀ ਸ਼ਾਂਤ ਅਤੇ ਗੰਭੀਰ ਦੱਸਿਆ ਜਾਂਦਾ ਹੈ। ਉਹਨਾਂ ਦੇ ਪਰਿਵਾਰ ਤੋਂ ਇਹ ਭੀ ਪਤਾ ਚਲਦਾ ਹੈ ਕਿ ਉਹ ਕਿਸੇ ਦੇ ਨਾਲ ਹੋਏ ਧੱਕੇ ਨੂੰ ਭੀ ਕਤਈ ਬਰਦਾਸ਼ਤ ਨਹੀਂ ਸੀ ਕਰਦੇ। ਜਦ ਭੀ ਮੌਕਾ ਮਿਲਦਾ ਉਹ ਦੂਜਿਆਂ ਦੀ ਮਦਦ ਕਰਨ ਵਾਸਤੇ ਹਮੇਸ਼ਾ ਤਿਆਰ ਰਹਿੰਦੇ। ਪਹਿਲਾ ਤੋਂ ਹੀ ਉਹਨਾਂ ਦਾ ਸੁਭਾਅ ਅਣਖੀ ਤੇ ਸਵੈਮਾਨੀ ਸੀ, ਹਾਲਾਂਕਿ ਕਿ ਉਹਨਾਂ ਨੂੰ ਖੁਦ ਆਪਣੇ ਜੀਵਨ ਵਿੱਚ ਜ਼ਿਆਦਾ ਛੂਆਛੂਤ ਦਾ ਸਾਹਮਣਾ ਨਹੀਂ ਕਰਨਾ ਪਿਆ, ਪਰ ਆਪਣੇ ਭਾਈਚਾਰੇ ਪ੍ਰਤੀ ਆਪਣੇ ਆਪ ਨੂੰ ਉੱਚੀ ਜਾਤੀ ਦੇ ਸਮਝਣ ਵਾਲਿਆਂ ਦਾ ਵਰਤਾਅ ਦੇਖ ਕੇ ਉਹਨਾਂ ਨੂੰ ਕਾਫ਼ੀ ਗੁੱਸਾ ਆਂਦਾ ਸੀ। ਇਕ ਇਹੋ ਜਿਹੀ ਘਟਨਾ ਉਹਨਾਂ ਨਾਲ ਰੋਪੜ ਵਿੱਚ ਪੜ੍ਹਦੇ ਸਮੇਂ ਘਟੀ, ਉਹ ਇਕ ਢਾਬੇ ਵਿਚ ਬੈਠੇ ਸਨ, ਉਹਨਾਂ ਦੇ ਕੋਲ ਹੀ ਬੈਠੇ ਕੁਛ ਲੋਗ ਗੱਲਾਂ ਕਰ ਰਹੇ ਸਨ ਕਿ ਕਿਸ ਤਰਾਹ ਉਹਨਾਂ ਨੇ ਕੁਛ ਚਮਾਰਾਂ ਨੂੰ ਕੁੱਟਕੇ ਉਹਨਾਂ ਤੋਂ ਕੰਮ ਕਰਵਾਇਆ। ਐਨਾ ਸੁਣਦਿਆਂ ਹੀ ਸਾਹਿਬ ਕਾਂਸ਼ੀ ਰਾਮ ਗੁੱਸੇ ਨਾਲ ਭਰ ਉੱਠੇ ਅਤੇ ਉਹਨਾਂ ਤੇ ਕੁਰਸੀ ਚੁੱਕ ਕੇ ਮਾਰੀ ਅਤੇ ਇਸ ਤਰਾਹ ਦੀ ਘਟੀਆ ਗੱਲਾਂ ਕਰਨ ਕਰਕੇ ਉਹਨਾਂ ਦੀ ਚੰਗੀ ਛਿੱਤਰ-ਪਰੇਡ ਕੀਤੀ। ਢਾਬੇ ਵਾਲਿਆਂ ਨੇ ਵਿੱਚ ਪੈ ਕੇ ਉਹਨਾਂ ਨੂੰ ਛੁਡਾਇਆ ਅਤੇ ਸਾਹਿਬ ਕਾਂਸ਼ੀ ਰਾਮ ਜੀ ਨੂੰ ਸ਼ਾਂਤ ਕਿੱਤਾ। 1956 ਵਿੱਚ ਬੀ ਏ ਕਰਨ ਤੋਂ ਬਾਦ ਉਹਨਾਂ ਦੇਹਰਾਦੂਨ ਵਿਖੇ ਸਰਵੇ ਆਫ਼ ਇੰਡੀਆ ਵਿੱਚ ਨੌਕਰੀ ਸ਼ੁਰੂ ਕਿੱਤੀ, ਪਰ ਟ੍ਰੇਨਿੰਗ ਦੌਰਾਨ ਹੀ ਇਕ ਕਰਾਰ ਉੱਤੇ ਦਸਤਖ਼ਤ ਕਰਨ ਦੀ ਸ਼ਰਤ ਕਰਕੇ ਉਹਨਾਂ ਉਹ ਨੌਕਰੀ ਛੱਡ ਦਿੱਤੀ। 1957-58 ਵਿਖੇ ਉਹਨਾਂ ਮਹਾਰਾਸ਼ਟਰ ਦੇ ਪੂਨਾ ਸ਼ਹਿਰ ਵਿੱਚ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਓਰਗੇਨਾਇਸੇਸ਼ਨ (DRDO) ਵਿੱਚ ਬਤੌਰ Research Assistant ਨੌਕਰੀ ਸ਼ੁਰੂ ਕਿੱਤੀ। ਐਥੇ ਹੀ ਇੱਕ ਐਹੋ ਜਿਹੀ ਘਟਨਾ ਵਾਪਰਨ ਵਾਲੀ ਸੀ, ਜਿਸਨੇ ਪੂਰੇ ਦੇਸ਼ ਦੇ ਸਮਾਜਿਕ ਅਤੇ ਰਾਜਨੀਤਕ ਢਾਂਚੇ ਵਿੱਚ ਭੁਚਾਲ ਲਿਆਣਾ ਸੀ।

# ਅਰਸ਼ ਰਿਕਾਰਡਜ ਵੱਲੋਂ ਮਿਰਜਾ ਰਲੀਜ਼..!



**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਫਰਿਜ਼ਨੋ ਨਿਵਾਸੀ ਉਘੇ ਗੀਤਕਾਰ ਕਾਲਾ ਸਿੱਧੂ ਅਤੇ ਸੁਖ ਧਾਲੀਵਾਲ ਦੀ ਪੇਸ਼ਕਸ਼ ਅਰਸ਼ ਕਿਕਾਰਡਜ ਦੇ ਬੈਨਰ ਹੇਠ ਖੂਬਸੂਰਤ ਗੀਤਾ ਨਾਲ ਸਜੀ ਐਲਬੰਮ "ਮਿਰਜਾ" ਜਿਸਨੂੰ ਫੀਮੇਲ ਸਿੰਗਰ ਜਸਦੀਪ ਦੀ ਮਧੁਰ ਅਵਾਜ਼ ਨਾਲ ਸਿੰਗਾਰਿਆ ਗਿਆ ਹੈ, ਪਿਛਲੇ ਦਿਨੀ ਜਿਥੇ ਪੰਜਾਬ ਦੇ ਨਿਹਾਲ ਸਿੰਘ ਵਾਲਾ ਸ਼ਹਿਰ ਵਿੱਚ ਰਲੀਜ਼ ਹੋਈ, ਉਥੇ ਫਰਿਜ਼ਨੋ ਵਿੱਖੇ ਵੀ ਇਸ ਐਲਬੰਮ ਨੂੰ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਕਾਲਾ ਸਿੱਧੂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਐਲਬਮ ਦੇ ਸਾਰੇ ਗੀਤ ਬਹੁਤ ਸਾਫ਼ ਸੁਥਰੇ ਤੇ ਪਰਿਵਾਰਕ ਹਨ, ਇਸ ਸੀਡੀ ਦੇ ਸਾਰੇ ਗੀਤ ਗੀਤਕਾਰ ਢਿਲੋਂ ਭਾਜੀ ਨੇ ਲਿਖੇ ਹਨ, ਮਿਊਜ਼ਿਕ ਕਰਨ ਪ੍ਰੈਂਸ ਜੀ ਦਾ ਹੈ। ਵੀਡੀਓ ਗ੍ਰਾਫੀ ਬਾਖ਼ੂਬੀ ਢੰਗ ਨਾਲ ਬੀ ਐਸ ਔਲਖ ਨੇ ਕੀਤੀ ਹੈ। ਉਹਨਾਂ ਦੀਪ ਗਿੱਲ ਤੇ ਹਰਮਿਲਾਪ ਗਿੱਲ ਦਾ ਸਹਿਯੋਗ ਲਈ ਧੰਨਵਾਦ ਕੀਤਾ।



# ਵਿਨੋਦ ਕੁਮਾਰ ਚੁੰਬਰ ਨੂੰ ਗਹਿਰਾ ਸਦਮਾ



**ਫਰੀਮਾਂਟ–** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਵਾਈਸ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਦੀ ਸੱਸ ਮਾਤਾ ਪੂਰਨ ਕੌਰ (86 ਸਾਲ) ਜੀ ਦਾ 4 ਫਰਵਰੀ ਦਿਨ ਸ਼ਨਿਚਰਵਾਰ ਨੂੰ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਅੰਤਿਮ ਸਸਕਾਰ ਬੁੱਧਵਾਰ 8 ਫਰਵਰੀ ਨੂੰ 10 ਵਜੇ ਤੋਂ 12 ਵਜੇ ਤੱਕ Chapel of Chimes 32992 Mission Blvd, Hayward, CA 94544 ਵਿਖੇ ਹੋਵੇਗਾ। ਸਬੰਧਤ ਜਾਣਕਾਰੀ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਵਾਈਸ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨਾਲ 510-953-9800 ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ "ਦੇਸ਼ ਦੁਆਬਾ" ਉਹਨਾਂ ਦੀ ਬੇਵਕਤੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਸੁੰਮਨ ਪਰਿਵਾਰ ਨਾਲ ਦੁੱਖ ਪ੍ਰਗਟ ਕਰਦਾ ਹੈ।

# ਬਲਦੇਵ ਸੁੰਮਨ ਨਹੀਂ ਰਹੇ



**ਫਰੀਮਾਂਟ–** ਪੰਜਾਬੀ ਭਾਈਚਾਰੇ ਲਈ ਇਹ ਖਬਰ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਸਾਬਕਾ ਚੇਅਰਮੈਨ ਅਤੇ ਉਘੇ ਬਿਜਨਸਮੈਨ ਸ੍ਰੀ ਬਲਦੇਵ ਸੁੰਮਨ ਜੀ 6 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ।

ਉਹਨਾਂ ਦਾ ਅੰਤਿਮ ਸਸਕਾਰ ਐਤਵਾਰ 12 ਫਰਵਰੀ ਨੂੰ 10 ਵਜੇ ਸਵੇਰੇ Chapel of Chimes 32992 Mission Blvd, Hayward, CA 94544 ਵਿਖੇ ਹੋਵੇਗਾ। ਸਬੰਧਤ ਜਾਣਕਾਰੀ ਪ੍ਰਾਪਤ ਕਰਨ ਲਈ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੇ ਵਾਈਸ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨਾਲ 510-953-9800 ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ "ਦੇਸ਼ ਦੁਆਬਾ" ਬਲਦੇਵ ਸੁੰਮਨ ਦੀ ਬੇਵਕਤੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਸੁੰਮਨ ਪਰਿਵਾਰ ਨਾਲ ਦੁੱਖ ਪ੍ਰਗਟ ਕਰਦਾ ਹੈ।

# ਬਿਨ ਭਾਗਾਂ ਨਾਹਿ ਸਤਿਸੰਗ ਹੋਇ

**ਸੈਕਰਾਮੈਂਟੋ (ਡੀ. ਡੀ. ਬੀ.)–** ਬੀਤੇ ਸ਼ਨਿਚਰਵਾਰ 4 ਫਰਵਰੀ ਦੀ ਸ਼ਾਮ ਧਾਰਮਿਕ ਖਿਆਲਾਂ ਵਾਲੀ ਸ਼ਖਸੀਅਤ ਸ੍ਰੀ ਸੰਤੋਖ ਕੈਂਥ ਦੇ ਗ੍ਰਹਿ ਵਿਖੇ ਡੇਰਾ ਸੰਤ ਮੇਲਾ ਰਾਮ ਜੀ ਨਗਰ ਵਾਲਿਆਂ (ਜਲੰਧਰ) ਦੇ ਮੌਜੂਦਾ ਗੱਦੀ ਨਸ਼ੀਨ ਸੰਤ ਬਾਬਾ ਭਗਵਾਨ ਦਾਸ ਜੀ ਨੇ ਚਰਨ ਪਾਏ। ਇਸ ਸ਼ੁਭ ਮੌਕੇ ਤੇ ਸੇਵਕ ਪਰਿਵਾਰ ਦੇ ਸੱਦੇ ਤੇ ਸੰਤਾਂ ਦੇ ਪ੍ਰੇਮੀਆਂ ਨੇ ਇਕੱਠੇ ਹੋ ਕੇ ਸੰਤ ਭਗਵਾਨ ਦਾਸ ਜੀ ਦੇ ਪ੍ਰਵਚਨਾਂ ਨੂੰ ਸਰਵਣ ਕਰਦਿਆਂ ਆਨੰਦਮਈ ਮਹਿਸੂਸ ਕੀਤਾ। ਸੰਤਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਓਟ ਲੈਂਦਿਆਂ, ਸੰਗਤਾਂ ਨੂੰ ਸ਼ਬਦ ਨਾਲ ਜੁੜਨ ਲਈ ਗੁਰਬਾਣੀ ਸ਼ਬਦਾਂ ਦਾ ਗਾਇਨ ਕੀਤਾ। ਇਸ ਤੋਂ ਇਲਾਵਾ ਉਨ੍ਹਾ ਕੁਝ ਧਾਰਮਿਕ ਸ਼ਬਦਾਂ ਰਾਹੀਂ ਸੇਵਕਾਂ ਨੂੰ ਚੰਗੇ ਕਰਮ ਲਈ ਪ੍ਰੇਰਿਆ ਅਤੇ ਬੁਰੇ ਕੰਮਾਂ ਅਤੇ ਬੁਰੀ ਸੰਗਤ ਤੋਂ ਦੂਰ ਰਹਿਣ ਲਈ ਸਮਝਾਇਆ ਤੇ ਬੱਚਿਆਂ ਨੂੰ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਪ੍ਰੇਰਿਆ। ਜਿਸਨੂੰ ਵੱਡੀ ਗਿਣਤੀ 'ਚ ਸੇਵਕਾਂ ਨੇ ਦੇਰ ਰਾਤ ਤੱਕ ਆਨੰਦਮਈ ਸੁਣਿਆ। ਇਸ ਉਪਰੰਤ ਸੰਤਾਂ ਅਤੇ ਸੇਵਕਾਂ ਨੂੰ ਕੈਂਥ ਪਰਿਵਾਰ ਵੱਲੋਂ ਪ੍ਰੀਤੀ ਭੋਜਨ ਛਕਾਇਆ ਗਿਆ ਅਤੇ ਕੈਂਥ ਪਰਿਵਾਰ ਨੇ ਸੰਤਾਂ ਦਾ ਸ਼ੁਕਰਾਨਾ ਕੀਤਾ, ਜਿਹਨਾਂ ਸੱਤ ਸਮੁੰਦਰੋਂ ਪਾਰ ਆ ਕੇ ਦਰਸ਼ਨ ਦਿੱਤੇ ਅਤੇ ਸੰਤ ਪ੍ਰੇਮੀਆਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਥੋੜ੍ਹੇ ਸਮੇਂ ਦੇ ਬੁਲਾਵੇ ਤੇ ਆ ਕੇ ਸਾਨੂੰ ਧੰਨਵਾਦੀ ਬਣਾਇਆ।









ਤਸਵੀਰਾਂ ਅਤੇ ਰਿਪੋਰਟ
ਪੀ. ਕੇ. ਚੁੰਬਰ (ਦੇਸ਼ ਦੁਆਬਾ)





TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ
BUFFET LUNCH 11:00 AM To 3:00 PM
Contact Us:
Ph. 510-885-1212
Fax. 510-885-1532
We are open seven days
11 AM to 10 PM



L.A. MERCHANDISE
Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੁਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla
500 N. Palora Ave. Yuba City, CA 95991
530-671-0439, Fax 530-822-0439 Cell- 530-844-3250



ਨਰਿੰਦਰ ਚਾਹਲ ਆਪਣੀ ਧਰਮ ਪਤਨੀ ਜਸਵੀਰ ਚਾਹਲ ਨਾਲ

ਸ੍ਰੀ ਨਰਿੰਦਰ ਚਾਹਲ, ਸ੍ਰੀਮਤੀ ਜਸਵੀਰ ਚਾਹਲ ਅਤੇ ਅਤੇ ਸਮੂਹ ਚਾਹਲ ਪਰਿਵਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 640ਵੇਂ ਗੁਰਪੁਰਬ ਦਿਹਾੜੇ ਦੇ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ।

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

## ਬੇਨਤੀ ਕਰਤਾ
# ਨਰਿੰਦਰ ਚਾਹਲ
## ਅਤੇ ਸਮੂਹ ਚਾਹਲ ਪਰਿਵਾਰ

---



ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

# ਗੁਰਨਾਮ ਸਿੰਘ ਰੱਤੂ
## ਅਤੇ ਸਮੂਹ ਰੱਤੂ ਪਰਿਵਾਰ


ਗੁਰਨਾਮ ਸਿੰਘ ਰੱਤੂ ਅਤੇ ਉਹਨਾਂ ਦੀ ਸੁਪਤਨੀ ਸੱਤਿਆਵਤੀ ਰੱਤੂ

**ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥**

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ।





**ਸਤਪਾਲ ਸੁਰੀਲਾ**
**ਅਤੇ**
**ਸਮੂਹ ਸੁਰੀਲਾ ਪਰਿਵਾਰ**

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

---

**ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥**


ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ 10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।





**ਕਸ਼ਮੀਰੀ ਬਾਲੀ**
**ਅਤੇ**
**ਸਮੂਹ ਬਾਲੀ ਪਰਿਵਾਰ**




## ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ

10 ਤੋਂ 12 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 12 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।


Late
Sh. Lahori Ram
Comissioner



# ਸਵਰਗਵਾਸੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦਾ ਪਰਿਵਾਰ

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਬੋਲੇ ਸੋ ਨਿਰਭੈ! ਗੁਰੂ ਰਵਿਦਾਸ ਮਹਾਰਾਜ ਕੀ ਜੈ!

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸੁ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2





# ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 640ਵਾਂ ਪ੍ਰਕਾਸ਼ ਦਿਹਾੜਾ

# ਫਰਵਰੀ 12, 2017

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਉਤਸਵ ਗੁਰੂ ਘਰ ਵਿਖੇ 12 ਫਰਵਰੀ 2017 ਨੂੰ ਮਨਾਇਆ ਜਾ ਰਿਹਾ ਹੈ। ਮਿਤੀ 10 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ ਪਾਠ ਦੇ ਭੋਗ 12 ਫਰਵਰੀ ਨੂੰ ਪੈਣਗੇ।

## ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ- ਫਰਵਰੀ 10, 2017 (ਸ਼ੁੱਕਰਵਾਰ) 9:20 ਵਜੇ ਸਵੇਰੇ
ਨਿਸ਼ਾਨ ਸਾਹਿਬ ਦੀ ਸੇਵਾ- ਫਰਵਰੀ 11, 2017 (ਸ਼ਨਿਚਰਵਾਰ) ਸ਼ਾਮੀ 3 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ- ਫਰਵਰੀ 12, 2017 (ਐਤਵਾਰ) ਸਵੇਰੇ 9:30 ਵਜੇ
ਕੀਰਤਨ ਦੀਵਾਨ- ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ
2 ਵਜੇ ਦੁਪਹਿਰ ਤੱਕ ਕੀਰਤਨ ਦੀਵਾਨ ਸਜਣਗੇ

* ਸਮੂਹ ਸਾਧ ਸੰਗਤ ਵੱਲੋਂ ਲੰਗਰ ਅਤੇ ਪਾਠ ਦੀ ਸੇਵਾ ਕੀਤੀ ਜਾਵੇਗੀ। ਇਸ ਮੌਕੇ ਪ੍ਰਸਿੱਧ ਰਾਗੀ ਜਥਾ ਭਾਈ ਗੁਰਚਰਨ ਸਿੰਘ ਰਸੀਆ (ਲੁਧਿਆਣੇ ਵਾਲੇ) ਅਤੇ ਗੁਰੂ ਘਰ ਦਾ ਰਾਗੀ ਜਥਾ ਗਿਆਨੀ ਗੁਰਨਾਮ ਸਿੰਘ ਅਤੇ ਗਿਆਨੀ ਓਮਪਾਲ ਸਿੰਘ ਅਤੇ ਗਿਆਨੀ ਪ੍ਰਕਾਸ਼ ਸਿੰਘ ਜੀ ਦੇ ਜਥੇ ਕੀਰਤਨ ਦੀਵਾਨ ਸਜਾਉਣਗੇ।

** ਪ੍ਰੋਗਰਾਮ ਦਰਮਿਆਨ ਵਿਦਵਾਨ ਬੁਲਾਰੇ ਅਤੇ ਕਮਿਊਨਟੀ ਲੀਡਰ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਬਾਰੇ ਪ੍ਰਭਾਵਸ਼ਾਲੀ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਪ੍ਰੋਗਰਾਮ ਅਤੇ ਲੰਗਰ ਦੀ ਸੇਵਾ ਲਈ ਆਪਣੀਆਂ ਡਿਊਟੀਆਂ ਨਿਭਾਉਣ ਲਈ ਅੱਗੇ ਆਉਣ ਦੀ ਕ੍ਰਿਪਾਲਤਾ ਕਰਨ ਜੀ।

*** ਸਟਾਲਾਂ ਅਤੇ ਹੋਰ ਕਿਸੇ ਕਿਸਮ ਦੀ ਸੇਵਾ ਲਈ ਗੁਰੂ ਘਰ ਦੇ ਪ੍ਰਧਾਨ ਕਸ਼ਮੀਰੀ ਭਾਟੀਆ (408) 460-0262 ਜਾਂ ਚੇਅਰਮੈਨ ਸ਼ਿੰਦਰ ਪਾਲ ਨਾਰੇਬਟ ਨਾਲ (925) 683-0178 ਤੇ ਸੰਪਰਕ ਕੀਤਾ ਜਾ ਸਕਦਾ ਹੈ।

**** ਕਮੇਟੀ ਕੋਲ ਇੰਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸਲਾਹ ਲਈ ਅਟਾਰਨੀ ਦਾ ਵੀ ਪ੍ਰਬੰਧ ਹੈ।

Chairperson
Shinder Pal Narabat
(925) 683-0178

President
Kashmiri Bhatia
(408)460-0262

General Secretary
Gina Bhatia
(925) 483-1629

Treasurer
Jasvir Chahal
(209)627-7944

# SHRI GURU RAVIDASS SABHA (CA)

2150 Crestview Drive, Pittsburg CA 94565 Tel : (925) 439-2355